# ਚੀਕ

# ਚੀਕ

ਜਗਤਾਰ ਸਾਲਮ

**Cheek**

*by*

**Jagtar Saalam**
VPO : Dedhana, Patiala
Mobile : 97804-70386

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2011*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ


| | | |
|---|---|---|
| ✳ | ਆਪਾ ਜਤਾਉਣ ਖਾਤਰ ਨਾ ਹੀ ਡਰਾਉਣ ਖਾਤਰ | 7 |
| ✳ | ਮੇਰੇ ਕੋਲ ਸਾਜ਼ ਹੈ ਜੇਕਰ ਤਾਜ ਨਹੀਂ | 8 |
| ✳ | ਜਾਨਲੇਵਾ ਏਸਦੀ ਹਰ ਲਹਿਰ ਹੈ | 9 |
| ✳ | ਇਧਰ ਕੋਈ ਵੀ ਨਾ ਉਧਰ ਬਾਦਸ਼ਾਹੀ | 10 |
| ✳ | ਕੀ ਤੇਰੇ ਮਨ ਵਿਚ ਵੀ ਇਹ ਗੱਲ ਆਈ ਹੈ | 11 |
| ✳ | ਨਾ ਤਾਂ ਮੈਂ ਤਲਵਾਰ ਦਿਆਂ ਤੇ ਨਾ ਹੀ ਕਿਸੇ ਨੂੰ ਢਾਲ ਦਿਆਂ | 12 |
| ✳ | ਪਰਛਾਵੇਂ ਢਲ ਚੱਲੇ ਪਿਛਲਾ ਪਹਿਰ ਗਿਆ | 13 |
| ✳ | ਸਾਰਾ ਨਗਰ ਇਹ ਦੇਖ ਕੇ ਹੈਰਾਨ ਰਹਿ ਗਿਆ | 14 |
| ✳ | ਜਾਂ ਤਾਂ ਮੈਂ ਹੁਣ ਲੜਨ ਦੀ ਮਨ ਵਿਚ ਧਾਰ ਲਵਾਂ | 15 |
| ✳ | ਮੇਰੇ ਅੰਦਰ ਚੋਰ ਹੈ ਜਾਂ ਤੇਰੇ ਅੰਦਰ ਚੋਰ ਹੈ | 16 |
| ✳ | ਹਵਾ ਨੂੰ ਗਲਤ ਰਾਹਾਂ ’ਤੇ ਮੈਂ ਪਾਇਆ ਹੈ | 17 |
| ✳ | ਉਸਦੇ ਮਨ ’ਤੇ ਕੀ ਪਤਾ ਕੀ ਬੀਤਦਾ ਹੈ | 18 |
| ✳ | ਲੋਕ ਆਖਣ ਤੇਰੇ ਤੋਂ ਅਪਣੀ ਥਾਂ ਖੜਿਆ ਨਾ ਗਿਆ | 19 |
| ✳ | ਆਸ ਜੇਕਰ ਕੋਈ ਵੀ ਨਜ਼ਰ ਆਏ ਨਾ | 20 |
| ✳ | ਖ਼ਰੇ ਮੈਂ ਕਿਸ ਤਰਾਂ ਦਾ ਹੋ ਗਿਆਂ ਵਿਸ਼ਵਾਸ ਨੀਂ ਹੁੰਦਾ | 21 |
| ✳ | ਲੜਾਈ ਜਿੱਤੀ ਜਾਂ ਹਾਰੀ | 22 |
| ✳ | ਰਿਹਾ ਰੋਕਣ ’ਚ ਮੈਂ ਫਿਰ ਅੱਜ ਨਾਕਾਮ | 23 |
| ✳ | ਜਦੋਂ ਵੀ ਚੀਕਦੀ ਹੈ ਚੁਪ ਕਰਾਂ ਦਿਆਂ ਜ਼ਮੀਰ ਨੂੰ | 24 |
| ✳ | ਸਭਾ ਵਿਚ ਜਾਂ ਤਾਂ ਦਿਨ ਨੂੰ ਆਖਦੇ ਰਾਤ | 25 |
| ✳ | ਦੱਸ ਕਿੱਥੋਂ ਸਿਖਿਆ ਤੂੰ | 26 |
| ✳ | ਸ਼ਿਕਾਰੀਆਂ ਨੂੰ ਏਸਦਾ ਰਤਾ ਵੀ ਨਾ ਗਿਆਨ ਹੈ | 27 |
| ✳ | ਦੱਸੋ ਹੋਰ ਮੈਂ ਕੀ ਹਾਂ ਜੇਕਰ ਦਾਸ ਨਹੀਂ | 28 |
| ✳ | ਨਾ ਹੀ ਫੌਜਾਂ ਦੀ ਤੇ ਨਾ ਜਗਤਾਰ ਦੀ | 29 |
| ✳ | ਕੋਈ ਨਾ ਸਮਝਿਆ ਉਸਦੇ ਵਿਉਪਾਰ ਨੂੰ | 30 |
| ✳ | ਘਰ ਕਿੱਥੇ ਹੈ ਇਹ ਤਾਂ ਚਾਰਦੀਵਾਰੀ ਹੈ | 31 |
| ✳ | ਇਨ੍ਹਾਂ ਪੰਛੀਆਂ ਨੂੰ ਕਰੋ ਹੁਣ ਅਜ਼ਾਦ | 32 |
| ✳ | ਜੀਣ ਖਾਤਰ ਜੇ ਮਰਨਾ ਹੀ ਦਸਤੂਰ ਹੈ | 33 |

✳ ਕੁਝ ਹੋਸ਼ ਵੀ ਹੈ ਇਹ ਤੈਨੂੰ ਕੀ ਹੋਇਆ ਹੈ 34
✳ ਨਾ ਚੋਰਾਂ ਕੋਲੋਂ ਤੇ ਨਾ ਹਥਿਆਰਾਂ ਤੋਂ ਡਰ ਲਗਦਾ ਹੈ 35
✳ ਦੇਖੋ ਡਰਿਆ ਨਾ ਲਓ ਬਾਜੀ ਮਾਰ ਗਿਆ 36
✳ ਐ ਜੰਗਲ! ਮੈਂ ਹਵਾ ’ਤੇ ਵਾਰ ਕਰਦਾ ਹਾਂ 37
✳ ਜਾਂ ਮੇਰੇ ਸੁਆਲਾਂ ਦਾ ਤੂੰ ਦੇ ਜਵਾਬ 38
✳ ਬਚ ਗਈ ਜਾਨ ਲੈ ਮੇਰਾ ਫਿਰ ਸਰ ਗਿਆ 39
✳ ਕੈਸੀ ਹਾਲਤ ਹੈ ਕੀ ਦੱਸਾਂ ਜੀ ਨਈਂ ਕਰਦਾ 40
✳ ਖ਼ਿਆਲਾਂ ਨੂੰ ਤੂੰ ਏਦਾਂ ਕੈਦ ਨਾ ਕਰਿਆ ਕਰ 41
✳ ਕੀ ਕਰ ਸਕਦਾ ਹਾਂ ਮੈਨੂੰ ਮਾਰ ਦਵੇ ਭਾਵੇਂ 42
✳ ਨਾ ਮੈਥੋਂ ਬਹਿ ਹੁੰਦਾ ਹੈ ਚੁਪ ਹੋ ਕੇ 43
✳ ਬਚ ਗਿਆ ਜੇ ਇਹ ਤੂਫਾਨ ਤੋਂ ਫੇਰ ਕੀ 44
✳ ਉਹ ਕਹੇਂਗਾ ਤੂੰ ਜੋ ਤੇਰੇ ਲਈ ਠੀਕ ਹੈ 45
✳ ਕੀ ਹਾਂ ਤੇ ਮੇਰੀ ਕੀ ਬਣ ਗਈ ਹੈ ਛਬੀ 46
✳ ਮੇਰੇ ਤੋਂ ਰਹਿ ਨਹੀਂ ਹੁੰਦਾ ਹੁਣ ਸ਼ਹਿਰ ਵਿਚ 47
✳ ਪੰਛੀਓ ਰੱਖਣਾ ਯਾਦ ਖ਼ੁਦ ਥਹੁ ਪਤਾ 48
✳ ਮੈਂ ਹਰ ਗੱਲ ਨਹੀਂ ਕਹਿ ਸਕਦਾ ਪੂਰੀ 49
✳ ਸਿਰ ਮੇਰਾ ਹੋਵੇ ਤੇਰੀ ਤਲਵਾਰ ਹੋਵੇ 50
✳ ਫੇਰ ਜ਼ਖ਼ਮੀ ਪੰਛੀਆਂ ਦੀ ਡਾਰ ਆਈ 51
✳ ਚਾਹੇ ਫਿਰ ਅੰਬਰ ਤੋਂ ਵੱਡਾ ਜਾਲ ਹੁੰਦਾ 52
✳ ਫੜ ਲਿਆ ਹੈ ਹੋਰ ਨਿਕਲਿਆ ਹੋਰ ਅੰਦਰ 53
✳ ਦਿਨੇ ਦਸ ਕੀ ਕੀ ਤੂੰ ਕੀਤਾ ਕਿ ਇਕ ਇਕ ਬਾਤ ਪੁਛਦੀ ਹੈ 54
✳ ਫਿਰ ਤੈਨੂੰ ਅਪਣੇ ਹੀ ਦਿਲ ਦੀ ਸਾਰ ਨਹੀਂ 55
✳ ਜੰਗਲ ਡਰਿਆ ਜਿਹਾ ਦਿਖਾਈ ਦਿੰਦਾ ਹੈ 56
✳ ਮੈਂ ਜਿਤ ਦੀ ਆਸ ਲੈ ਹਰ ਵਾਰ ਜਾਂਦਾ ਹਾਂ 57
✳ ਇਹ ਵੀ ਜੀਣਾ ਕੋਈ ਡਰਦਿਆਂ ਡਰਦਿਆਂ 58
✳ ਸੁਣੋ ਰਾਜਾ ਇਹ ਕੀ ਫ਼ੁਰਮਾਨ ਦਿੰਦਾ ਹੈ 59
✳ ਧੌਣ ਤੇਰੀ ’ਤੇ ਜੇ ਇਉਂ ਕਿਰਪਾਨ ਹੋਵੇ 60
✳ ਇਸਦਾ ਤੈਨੂੰ ਵੀ ਪਤਾ ਹੈ ਮੈਨੂੰ ਵੀ ਅਹਿਸਾਸ ਹੈ 61
✳ ਗ਼ਜ਼ਲ ਕਰਕੇ ਹੀ ਹਰ ਇਲਜ਼ਾਮ ਆਇਆ ਹੈ 62
✳ ਦੇਖੋ ਪੰਛੀ ਬਹਿਸ ਹਵਾ ਸੰਗ ਕਰਦਾ ਹੈ 63

✪

ਆਪਾ ਜਤਾਉਣ ਖਾਤਰ ਨਾ ਹੀ ਡਰਾਉਣ ਖਾਤਰ
ਮਾਰੀ ਹੈ ਚੀਕ ਮੈਂ ਤਾਂ ਖ਼ੁਦ ਨੂੰ ਬਚਾਉਣ ਖਾਤਰ

ਦੱਸੋ ਕੀ ਹੋਰ ਲੈਣਾ ਦੱਸੋ ਕੀ ਰਹਿ ਗਿਆ ਹੈ
ਦਿੰਦੇ ਨੇ ਖ਼ੂਨ ਲੋਕੀਂ ਅਗਨੀ ਬੁਝਾਉਣ ਖਾਤਰ

ਪਹਿਲਾਂ ਮੈਂ ਜ਼ਖ਼ਮ ਲੱਭਾਂ ਮਗਰੋਂ ਧੁਖਾਂ ਤਪਾਂ ਫਿਰ
ਕੋਈ ਖ਼ਿਆਲ ਲੱਭੇ ਕਵਿਤਾ ਬਣਾਉਣ ਖਾਤਰ

ਹੌਕਾ ਜੇ ਭਰ ਲਿਆ ਤਾਂ ਇਹ ਕੀ ਕਸੂਰ ਹੋਇਆ
ਕੁਝ ਹੋਰ ਆਖ ਦਿੰਦੇ ਇਲਜ਼ਾਮ ਲਾਉਣ ਖਾਤਰ

ਦੀਵੇ ਦੀ ਲੋਅ ਕੋਲੋਂ ਡਰਦਾ ਸੀ ਬਹੁਤ ਉਹ ਵੀ
ਆਇਆ ਸੀ ਰਾਤ ਜਿਹੜਾ ਮੈਨੂੰ ਡਰਾਉਣ ਖਾਤਰ

***

✪

ਮੇਰੇ ਕੋਲ ਸਾਜ਼ ਹੈ ਜੇਕਰ ਤਾਜ ਨਹੀਂ
ਮੈਂ ਕੋਈ ਤੇਰੇ ਹੁਕਮਾਂ ਦਾ ਮੁਹਤਾਜ ਨਹੀਂ

ਉਹ ਤਾਂ ਤੈਨੂੰ ਹਰ ਹਾਲਤ ਵਿਚ ਮੇਟਣਗੇ
ਤੈਨੂੰ ਆਪਣੇ ਮਿਟਣ 'ਤੇ ਜੇ ਇਤਰਾਜ ਨਹੀਂ

ਸ਼ਾਇਰ ਹੀ ਸਮਝੇਗਾ ਰਮਜ਼ਾਂ ਦਿਲ ਦੀਆਂ
ਤੇਰੇ ਦੁਖ ਦਾ ਵੈਦਾਂ ਕੋਲ ਇਲਾਜ ਨਹੀਂ

ਹੁਣ ਕੀ ਲੋੜ ਸ਼ਿਕਾਰੀ ਨੂੰ ਦੱਸ ਜਾਲ ਦੀ
ਪੰਛੀ ਦੇ ਹੀ ਖ਼ਿਆਲ 'ਚ ਜਦ ਪਰਵਾਜ਼ ਨਹੀਂ

ਕਿਹੜੇ ਕੰਮ ਦੀਆਂ ਇਹ ਗ਼ਜ਼ਲਾਂ ਸਾੜ ਦਿਓ
ਇਹਨਾਂ ਵਿਚ ਜੇ ਸਮਿਆਂ ਦੀ ਆਵਾਜ਼ ਨਹੀਂ

ਮੈਨੂੰ ਕੋਈ ਇਤਰਾਜ ਨਹੀਂ ਫਿਰ ਪੌਣਾਂ 'ਤੇ
ਪੌਣਾਂ ਨੂੰ ਜੇ ਦੀਵੇ 'ਤੇ ਇਤਰਾਜ ਨਹੀਂ

***

✪

ਜਾਨਲੇਵਾ ਏਸਦੀ ਹਰ ਲਹਿਰ ਹੈ
ਪਾਣੀ ਹੁਣ ਪਾਣੀ ਨਹੀਂ ਇਹ ਜ਼ਹਿਰ ਹੈ

ਦੱਸ ਡੁਬਿਆਂ ਦੀ ਇਹ ਕਿਉਂ ਗਿਣਤੀ ਕਰੇ
ਏਸਨੂੰ ਕੀ ਨਹਿਰ ਆਖ਼ਰ ਨਹਿਰ ਹੈ

ਸਮਝਿਆ ਸ਼ੀਸ਼ਾ ਮੈਂ ਹਰ ਇਕ ਸ਼ਖ਼ਸ ਨੂੰ
ਕੀ ਪਤਾ ਸੀ ਪੱਥਰਾਂ ਦਾ ਸ਼ਹਿਰ ਹੈ

ਮੈਂ ਮਰਾਂਗਾਂ ਸਭ ਤੋਂ ਪਹਿਲਾਂ ਦੋਸਤੋ!
ਮੈਂ ਭਰਾਂਗਾ ਘੁੱਟ ਜੇ ਇਹ ਜ਼ਹਿਰ ਹੈ

***

✪

ਇਧਰ ਕੋਈ ਵੀ ਨਾ ਉਧਰ ਬਾਦਸ਼ਾਹੀ
ਮੈਂ ਕੱਲਾ ਹਾਂ ਸਾਵੇਂ ਹਜ਼ਾਰਾਂ ਸਿਪਾਹੀ

ਦਿਨੇ ਮਸ਼ਵਰਾ ਕੀਤਾ ਰਲ ਕੇ ਤੁਰਨ ਦਾ
ਹੋਈ ਰਾਤ ਤੁਰ ਪਏ ਘਰਾਂ ਵੱਲ ਰਾਹੀ

ਨਹੀਂ ਰੋਕਦੇ ਇਕ ਨੂੰ ਕਤਲ ਕਰਨੋਂ
ਅਤੇ ਇੱਕ ਨੂੰ ਹੌਕਾ ਭਰਨੋਂ ਮਨਾਹੀ

ਕਿਹੇ ਆਦਮੀ ਨੇ ਨਗਰ ਵਿਚ ਕਿ ਏਥੇ
ਕਿਸੇ ਵਿਚ ਫ਼ਕੀਰੀ ਹੈ ਨਾ ਬਾਦਸ਼ਾਹੀ

ਇਹੀ ਦੋਸ਼ੀ ਨੇ ਜੋ ਦਿਲਾਸੇ ਨੇ ਦਿੰਦੇ
ਇਨ੍ਹਾਂ ਨੇ ਕਦੇ ਅੱਗ ਬੁਝਾਉਣੀ ਨਾ ਚਾਹੀ

***

✪

ਕੀ ਤੇਰੇ ਮਨ ਵਿਚ ਵੀ ਇਹ ਗੱਲ ਆਈ ਹੈ
ਤੂੰ ਕੌਣ ਏਂ ਤੇਰੀ ਕਿਸ ਨਾਲ ਲੜਾਈ ਹੈ

ਹੋ ਗਿਆ ਮੇਰੇ ਵਿਹੜੇ ਵਿਚਲਾ ਰੁੱਖ ਉਦਾਸ
ਜੰਗਲ ਦੀ ਗੱਲ ਜਦ ਵੀ ਕਿਸੇ ਸੁਣਾਈ ਹੈ

ਰਹਿਣ ਦੇ ਖੋਲੀ ਨਾ ਤੂੰ ਮੇਰੀ ਇਹ ਪੁਸਤਕ
ਇਸਦੇ ਵਿਚ ਮੈਂ ਚੀਕ ਅਪਣੀ ਦਫ਼ਨਾਈ ਹੈ

ਤੂੰ ਏਂ ਇਕ ਸ਼ਿਕਾਰੀ ਤੇ ਮੈਂ ਪੰਛੀ ਹਾਂ
ਤੇਰੀ ਤੇ ਮੇਰੀ ਬਸ ਇਹੀ ਲੜਾਈ ਹੈ

ਏਸ ਅੱਗ ਦਾ ਸੇਕ ਤਿਰੇ ਤਕ ਪੁੱਜੇਗਾ
ਅੱਗ ਜੋ ਮੇਰੇ ਸੀਨੇ ਤੈਂ ਸੁਲਗਾਈ ਹੈ

ਡੁਬ ਸਕਦਾ ਹੈ ਤੇਰਾ ਤਖ਼ਤ ਵੀ ਐ ਰਾਜਨ!
ਮੇਰੇ ਖ਼ਿਆਲਾਂ ਵਿਚ ਏਨੀ ਗਹਿਰਾਈ ਹੈ

ਜੇਕਰ ਜਾਨ ਨੂੰ ਖ਼ਤਰਾ ਹੋਵੇ ਟਲ ਜਾਨਾਂ
ਕਿੰਨੀ ਵਾਰ ਮੈਂ ਏਦਾਂ ਜਾਨ ਬਚਾਈ ਹੈ

ਪੁੱਛ ਰਿਹਾ ਹੈ ਹਵਾ ਤੋਂ ਜਿਹੜਾ ਸਿਰਨਾਵਾਂ
ਸ਼ਾਇਰ ਹੈ ਜਾਂ ਇਹ ਕੋਈ ਸ਼ੁਦਾਈ ਹੈ

ਦੇਖ ਲਵੀਂ ਇਹ ਸੀਨਾ ਚੀਰ ਕੇ ਨਿਕਲੇਗੀ
ਜਿਹੜੀ ਚੀਕ ਤੂੰ ਸੀਨੇ ਵਿਚ ਦਬਾਈ ਹੈ

ਭਾਲ ਰਹੀ ਹੈ ਯੁਗਾਂ ਤੋਂ ਕਿਸੇ ਪਿਆਸੇ ਨੂੰ
ਤੇਰੇ ਤੋਂ ਵੀ ਜ਼ਿਆਦਾ ਨਦੀ ਤਿਹਾਈ ਹੈ

***

✪

ਨਾ ਤਾਂ ਮੈਂ ਤਲਵਾਰ ਦਿਆਂ ਤੇ ਨਾ ਹੀ ਕਿਸੇ ਨੂੰ ਢਾਲ ਦਿਆਂ
ਮੈਂ ਤਾਂ ਸੁੱਤੇ ਹੋਏ ਬੰਦੇ ਨੂੰ ਜਾਗਣ ਦਾ ਖ਼ਿਆਲ ਦਿਆਂ

ਨਾ ਮੈਂ ਸ਼ਾਇਰ ਨਾ ਰਾਗੀ ਹਾਂ ਨਾ ਰਾਜਾ ਨਾ ਬਾਗੀ ਹਾਂ
ਮੈਂ ਤਾਂ ਇਕ ਸਧਾਰਣ ਬੰਦਾ ਨਦੀ ਨੂੰ ਕਿੰਝ ਉਛਾਲ ਦਿਆਂ

ਨਾ ਹੀ ਨੀਂਦ 'ਚ ਬੇਚੈਨੀ ਨਾ ਅੱਖ ਵਿਚ ਭੋਰਾ ਰੜਕ ਦਿਸੇ
ਤੂੰ ਹੀ ਦੱਸ ਮੈਂ ਤੇਰੇ ਖਾਤਰ ਸੁਪਨੇ ਕਿੱਥੋਂ ਭਾਲ ਦਿਆਂ

ਤੈਨੂੰ ਕੋਈ ਪੀੜ ਨਾ ਹੋਵੇ ਇਹ ਤਾਂ ਮੈਂ ਕਰ ਸਕਦਾ ਨਹੀਂ
ਮੈਂ ਤਾਂ ਇਹ ਕਰ ਸਕਦਾਂ ਤੇਰਾ ਦਰਦ ਗੀਤ ਵਿਚ ਢਾਲ ਦਿਆਂ

ਜੇ ਪੌਣਾਂ ਦਾ ਹੁਕਮ ਨਾ ਹੋਵੇ ਹੌਕਾ ਵੀ ਨੀਂ ਭਰ ਸਕਦਾ
ਮੇਰੀ ਏਨੀ ਹਿੰਮਤ ਕਿੱਥੇ ਵਗਦੀ ਪੌਣ ਨੂੰ ਗਾਲ੍ਹ ਦਿਆਂ

***

✪

ਪਰਛਾਵੇਂ ਢਲ ਚੱਲੇ ਪਿਛਲਾ ਪਹਿਰ ਗਿਆ
ਕੋਈ ਵੀ ਨਾ ਮੁੜਿਆ ਜਿਹੜਾ ਸ਼ਹਿਰ ਗਿਆ

ਹੋ ਸਕਦਾ ਹੈ ਕੱਲ ਨੂੰ ਸੂਰਜ ਨਾ ਨਿਕਲੇ
ਜੇ ਰਾਹੀ ਆਰਾਮ ਲਈ ਅੱਜ ਠਹਿਰ ਗਿਆ

ਜਿਉਣ ਲਈ ਹਰ ਰੋਜ਼ ਪਿਆ ਪੀਣਾ ਮੈਨੂੰ
ਕੀ ਦੱਸਾਂ ਕਿੰਝ ਮੇਰੇ ਅੰਦਰ ਜ਼ਹਿਰ ਗਿਆ

ਮੈਨੂੰ ਹੋਸ਼ ਹੀ ਕਿੱਥੇ ਸੀ ਕਿ ਦੱਸ ਸਕਾਂ
ਕਦ ਢਲਿਆ ਇਹ ਦਿਨ ਤੇ ਕਦੋਂ ਦੁਪਹਿਰ ਗਿਆ

ਉਸਨੂੰ ਭੋਰਾ ਸਮਝ ਨਹੀਂ ਬਾਜ਼ਾਰਾਂ ਦੀ
ਡਰ ਲਗਦਾ ਹੈ ਵਿਕ ਨਾ ਜਾਵੇ ਸ਼ਹਿਰ ਗਿਆ

***

✪

ਸਾਰਾ ਨਗਰ ਇਹ ਦੇਖ ਕੇ ਹੈਰਾਨ ਰਹਿ ਗਿਆ
ਜੰਗਲ ਦੀ ਚੀਕ ਨਾਲ ਹੀ ਇਕ ਮਹਿਲ ਢਹਿ ਗਿਆ

ਪੁਜਿਆ ਨ ਧੁਰ ਪਿਆਸੀ ਨਦੀ ਤੀਕ ਕੋਈ ਵੀ
ਪਾਣੀ ਤੋਂ ਡਰ ਗਿਆ ਕੋਈ ਪਾਣੀ 'ਚ ਵਹਿ ਗਿਆ

ਜਦ ਤੋਂ ਮੈਂ ਓਸ ਬਾਂਸ ਦੀ ਬੰਸੀ ਨੂੰ ਛੂਹ ਲਿਆ
ਜੰਗਲ ਦਾ ਦਰਦ ਜਿਉਂ ਮੇਰੇ ਸੀਨੇ 'ਚ ਲਹਿ ਗਿਆ

ਵਿਹੜੇ ਮਿਰੇ ਦਾ ਬਿਰਖ਼ ਵੀ ਡਰਿਆ ਜਿਹਾ ਦਿਸੇ
ਉਡਦੇ ਹੋਏ ਪਤਾ ਨੀਂ ਪਰਿੰਦਾ ਕੀ ਕਹਿ ਗਿਆ

***

✪

ਜਾਂ ਤਾਂ ਮੈਂ ਹੁਣ ਲੜਨ ਦੀ ਮਨ ਵਿਚ ਧਾਰ ਲਵਾਂ
ਜਾਂ ਫਿਰ ਜੋ ਕੁਝ ਵੀ ਹੈ ਮੈਂ ਸਵੀਕਾਰ ਲਵਾਂ

ਸੁਣ ਇਸ ਵਾਰ ਮਰਨ ਦੀ ਵਾਰੀ ਤੇਰੀ ਹੈ
ਵਾਰ ਵਾਰ ਮੈਂ ਮਨ ਨੂੰ ਕਿੱਦਾਂ ਮਾਰ ਲਵਾਂ

ਅੱਗ ਨੂੰ ਆਪਾਂ ਕਿੱਦਾਂ ਘੇਰਾ ਪਾਉਣਾ ਹੈ
ਠਹਿਰ ਜ਼ਰਾ! ਮੈਂ ਥੋੜਾ ਸੋਚ ਵਿਚਾਰ ਲਵਾਂ

ਨਦੀਏ! ਤੇਰੇ ਪਾਣੀਆਂ ਅੰਦਰ ਉੱਤਰ ਕੇ
ਦਿਲ ਕਰਦਾ ਹੈ ਮਨ ਦੀ ਮੈਲ਼ ਉਤਾਰ ਲਵਾਂ

***

✪

ਮੇਰੇ ਅੰਦਰ ਚੋਰ ਹੈ ਜਾਂ ਤੇਰੇ ਅੰਦਰ ਚੋਰ ਹੈ
ਦੋ ਨਹੀਂ ਕਮਰੇ 'ਚ ਆਪਾਂ ਤੀਸਰਾ ਵੀ ਹੋਰ ਹੈ

ਹੋਰ ਕੋਈ ਵੀ ਭਰੇ ਹੌਕਾ ਤਾਂ ਜਾਂਦਾ ਹਾਂ ਮੈਂ
ਕੀ ਕਹਾਂ ਦਿਲ ਦੀ ਮੈਂ ਤੈਨੂੰ ਦਿਲ ਬੜਾ ਕਮਜੋਰ ਹੈ

ਦੋਸਤਾ ! ਮੈਂ ਚੁਪ ਨਹੀਂ ਇਕ ਵਾਰ ਸੁਣ ਕੇ ਵੇਖ ਤਾਂ
ਏਸ ਚੁਪ ਵਿਚ ਮੇਰੀਆਂ ਚੀਕਾਂ ਦਾ ਕਿੰਨਾ ਸ਼ੋਰ ਹੈ

ਕਰ ਲਓ ਭਾਵੇਂ ਹੁਣੇ ਹੀ ਕੈਦ ਪਹਿਲਾਂ ਦੱਸਦਾਂ
ਖ਼ਬਰੇ ਕਦ ਇਹ ਜਾਗ ਜਾਵੇ ਮੇਰੇ ਅੰਦਰ ਚੋਰ ਹੈ

ਸ਼ਹਿਰ ਦੇ ਰਖਵਾਲਿਆਂ ਨੂੰ ਦੇਖ ਜੰਗਲ ਹੱਸ ਰਿਹਾ
ਫੜ ਲਿਆ ਹੈ ਹੋਰ ਕੋਈ ਚੋਰ ਕੋਈ ਹੋਰ ਹੈ

***

✪

ਹਵਾ ਨੂੰ ਗਲਤ ਰਾਹਾਂ 'ਤੇ ਮੈਂ ਪਾਇਆ ਹੈ
ਮਿਰੇ 'ਤੇ ਕਿਸ ਤਰਾਂ ਦਾ ਦੋਸ਼ ਲਾਇਆ ਹੈ

ਉਸੇ ਦੀ ਚੀਸ ਹੈ ਹਰ ਇਕ ਹਓਕੇ ਵਿਚ
ਮੈਂ ਜਿਹੜੇ ਜ਼ਖ਼ਮ ਤੋਂ ਸੀਨਾ ਬਚਾਇਆ ਹੈ

ਮੈਂ ਅਪਣੇ ਸਾਏ ਤੋਂ ਵੀ ਥਾਂ ਥਾਂ ਬਚਦਾ ਹਾਂ
ਬੜੀ ਵਾਰੀ ਇਹਨੇ ਮੈਨੂੰ ਡਰਾਇਆ ਹੈ

ਗਰਾਂ ਤੋਂ ਸ਼ਹਿਰ ਆ ਕੇ ਇਸ ਤਰਾਂ ਲਗਦੈ
ਕਿ ਪੁਟ ਕੇ ਧਰਤ 'ਚੋਂ ਗਮਲੇ 'ਚ ਲਾਇਆ ਹੈ

ਉਦ੍ਹੇ ਖ਼ਾਬਾਂ ਦਾ ਖ਼ਬਰੇ ਕੀ ਬਣੇਗਾ ਹੁਣ
ਮੈਂ ਜਿਸਨੂੰ ਨੀਂਦਰਾਂ ਵਿੱਚੋਂ ਜਗਾਇਆ ਹੈ

ਜੋ ਸੀਨੇ ਲਗਦਿਆਂ ਹੀ ਚੀਰ ਦੇ ਸੀਨਾ
ਕੀ ਐਸਾ ਦਰਦ ਤੂੰ ਸੀਨੇ ਲਗਾਇਆ ਹੈ

ਲੈ ਖ਼ੰਜਰ ਫੇਰ ਸੀਨੇ ਮਾਰ ਇਕ ਵਾਰੀ
ਬੜੇ ਚਿਰ ਬਾਦ ਫਿਰ ਆਰਾਮ ਆਇਆ ਹੈ

ਘਰਾਂ ਵਿਚ ਉਹ ਕਦੇ ਹਾਸਲ ਨਹੀਂ ਹੋਇਆ
ਮੈਂ ਜੋ ਕੁਝ ਤੁਰਦਿਆਂ ਰਾਹਾਂ 'ਚ ਪਾਇਆ ਹੈ

ਮੈਂ ਉਸਨੂੰ ਭੇਜਿਆ ਸੀ ਸਾਜ਼ ਦੀ ਖਾਤਰ
ਖ਼ਰੇ ਹਥਿਆਰ ਉਹ ਕਿੱਥੋਂ ਲਿਆਇਆ ਹੈ

ਰਤਾ ਵਿਸ਼ਵਾਸ ਨੀਂ ਹੁੰਦਾ ਕਿਸੇ ਨੂੰ ਵੀ
ਕਿ ਫੌਜਾਂ ਨੂੰ ਸਜਿੰਦੇ ਨੇ ਹਰਾਇਆ ਹੈ

***

✪

ਉਸਦੇ ਮਨ 'ਤੇ ਕੀ ਪਤਾ ਕੀ ਬੀਤਦਾ ਹੈ
ਬਹੁਤ ਡਰ ਲਗਦੈ ਜਦੋਂ ਉਹ ਚੀਕਦਾ ਹੈ

ਕੌਣ ਹੈ ਅਕਸਰ ਮੇਰੇ ਸੀਨੇ 'ਤੇ ਜਿਹੜਾ
ਗੀਤ ਖ਼ੰਜਰ ਨਾਲ ਪਹਿਲਾਂ 'ਲੀਕਦਾ ਹੈ

ਤੇਰੇ ਅੰਦਰ ਜੋ ਕਿਤੇ ਡੂੰਘੀ ਦਬੀ ਹੈ
ਸੁਪਨਿਆਂ ਵਿਚ ਸ਼ੋਰ ਓਸੇ ਚੀਕ ਦਾ ਹੈ

ਇੱਕ ਥਾਂ ਖੜਿਆ ਹੈ ਕਿੰਨੀ ਉਮਰ ਤੋਂ ਹੀ
ਰੁੱਖ ਕਿਹੜੇ ਮੌਸਮਾਂ ਨੂੰ 'ਡੀਕਦਾ ਹੈ

***

✪

ਲੋਕ ਆਖਣ ਤੇਰੇ ਤੋਂ ਅਪਣੀ ਥਾਂ ਖੜਿਆ ਨਾ ਗਿਆ
ਤੇ ਮੈਂ ਸੋਚਾਂ ਦੂਸਰੇ ਦੀ ਥਾਂ 'ਤੇ ਲੜਿਆ ਨਾ ਗਿਆ

ਦੋਸਤੋ! ਵਗਦੀ ਹਵਾ ਨੂੰ ਕੀ ਫੜਾਂਗਾ ਮੇਰੇ ਤੋਂ
ਆਪਣੀ ਪਰਛਾਈ ਨੂੰ ਹੁਣ ਤੀਕ ਫੜਿਆ ਨਾ ਗਿਆ

ਹੋਏ ਨਾ ਸ਼ਾਇਦ ਕਦੇ ਪਰ ਸੋਚ ਕੇ ਡਰ ਜਾਈਦੈ
ਕੀ ਹੋਏਗਾ ਫੇਰ ਸੂਰਜ ਤੋਂ ਜੇ ਚੜਿਆ ਨਾ ਗਿਆ

ਪਾਣੀਆਂ ਤੋਂ ਉਹ ਅਤੇ ਮੈਂ ਅੱਗ ਤੋਂ ਡਰਦਾ ਰਿਹਾ
ਉਸ ਤੋਂ ਡੁਬਿਆ ਨਾ ਗਿਆ ਮੇਰੇ ਤੋਂ ਸੜਿਆ ਨਾ ਗਿਆ

ਫੌਜ ਅੱਗੇ ਕੀ ਖੜਾਂਗਾ ਯਾਰ! ਸੀਨਾ ਤਾਣ ਕੇ
ਆਇਨੇ ਦੇ ਸਾਮ੍ਹਣੇ ਮੇਰੇ ਤੋਂ ਖੜਿਆ ਨਾ ਗਿਆ

***

✪

ਆਸ ਜੇਕਰ ਕੋਈ ਵੀ ਨਜ਼ਰ ਆਏ ਨਾ
ਹੋਰ ਕੋਈ ਵੀ ਰਸਤਾ ਕੋਈ ਦਰ ਨਹੀਂ
ਇਸ ਤਰਾਂ ਆਪਣੀ ਜਾਨ ਬਚਦੀ ਹੈ ਜੇ
ਚੀਕ ਮਾਰਨ ਦਾ ਫਿਰ ਕੋਈ ਵੀ ਡਰ ਨਹੀਂ

ਕੀ ਪਤਾ ਕੀ ਮਰਜ ਹੈ ਕਿਹਾ ਰੋਗ ਹੈ
ਇਹਦੀ ਕੋਈ ਦਵਾ ਦਾਰੂ ਹੈ ਜਾਂ ਨਹੀਂ
ਮੈਨੂੰ ਜਾਪੇ ਕਿ ਦੇਹ ਵਿੱਚ ਤੜਪੇ ਕੋਈ
ਦਰਦ ਆਂਦਰ 'ਚ ਮੇਰੇ ਰਤਾ ਭਰ ਨਹੀਂ

ਜਾਪਦੈ ਲੈਣ ਹੌਂਕੇ ਦੀਵਾਰਾਂ ਅਤੇ
ਰੁੱਖ ਵਿਹੜੇ ਦਾ ਹਰ ਵਕਤ ਜਿਉਂ ਸਿਸਕਦੈ
ਸੋਚਦਾ ਹਾਂ ਇਹ ਕੀ ਬਣ ਗਿਆ ਦੋਸਤੋ
ਮੈਂ ਬਣਾਇਆ ਸੀ ਜਿਹੜਾ ਇਹ ਉਹ ਘਰ ਨਹੀਂ

ਚੋਰ ਨੂੰ ਹੈ ਤੇ ਹਰ ਇਕ ਸਿਪਾਹੀ ਨੂੰ ਹੈ
ਕੀ ਕਹਾਂ ਸਭ ਤੋਂ ਵੱਧ ਬਾਦਸ਼ਾਹੀ ਨੂੰ ਹੈ
ਤੈਨੂੰ ਹੈ ਮੈਨੂੰ ਹੈ ਸਾਰਿਆਂ ਨੂੰ ਹੈ ਇਹ
ਦੱਸ ਕਿਹੜਾ ਹੈ ਏਥੇ ਜਿਨੂੰ ਡਰ ਨਹੀਂ

ਪਾਉਣ ਜੋ ਕੁਝ ਗਿਆ ਸੀ ਨਾ ਉਹ ਲੱਭਿਆ
ਕੋਲ ਸੀ ਜਿਹੜਾ ਦੇਖੋ ਲੈ ਉਹ ਵੀ ਗਿਆ
ਕੀ ਕਰੇਗਾ ਵਿਚਾਰਾ ਮੁਸਾਫ਼ਿਰ ਇਹ ਹੁਣ
ਜਿੱਥੇ ਛਡ ਕੇ ਗਿਆ ਸੀ ਉਥੇ ਘਰ ਨਹੀਂ

***

✪

ਸ਼ਖ਼ਰੇ ਮੈਂ ਕਿਸ ਤਰਾਂ ਦਾ ਹੋ ਗਿਆਂ ਵਿਸ਼ਵਾਸ ਨੀਂ ਹੁੰਦਾ
ਮੈਂ ਜਿਉਂਦਾ ਜਾਗਦਾ ਹਾਂ ਮੈਨੂੰ ਇਹ ਅਹਿਸਾਸ ਨੀਂ ਹੁੰਦਾ

ਸਮੇਂ ਦੀ ਨਬਜ਼ ਨੂੰ ਤਾਂ ਬਸ ਕੋਈ ਸ਼ਾਇਰ ਹੀ ਫੜਦਾ ਹੈ
ਕਿ ਹਰ ਇਕ ਦੀ ਕਲਮ ਵਿਚ ਦੋਸਤੋ! ਇਤਿਹਾਸ ਨੀਂ ਹੁੰਦਾ

ਕਈ ਕਾਰਨ ਨੇ ਇਸਦੇ ਪੌਣ ਜਿਹੜੀ ਇਉਂ ਭਟਕਦੀ ਹੈ
ਕਿ ਮਤਲਬ ਭਟਕਣਾ ਦਾ ਹਰ ਜਗ੍ਹਾ 'ਤੇ ਪਿਆਸ ਨੀਂ ਹੁੰਦਾ

ਕਿਸੇ ਰਾਹੀ ਦੇ ਆਖਣ ਨਾਲ ਦਰਿਆ ਰੁਕ ਗਿਆ ਇਕਦਮ
ਇਹ ਸੁਣਿਆ ਤਾਂ ਹੈ ਮੈਂ ਵੀ ਏਸ 'ਤੇ ਵਿਸ਼ਵਾਸ ਨੀਂ ਹੁੰਦਾ

***

✪

ਲੜਾਈ ਜਿੱਤੀ ਜਾਂ ਹਾਰੀ
ਸਮਝਣਾ ਇਉਂ ਨੀਂ ਚਾਹੀਦਾ
ਹਵਾ ਦੇ ਨਾਲ ਲੜਦਾ ਹੈ
ਕਿ ਜੇਰਾ ਦੇਖ ਰਾਹੀ ਦਾ

ਅਸੀਂ ਤਾਂ ਉਹ ਕਰਾਂਗੇ ਬਸ
ਜੋ ਕੁਝ ਕਰਨਾ ਹੈ ਚਾਹੀਦਾ
ਫ਼ਕੀਰਾਂ ਨੇ ਤੁਸੀਂ ਦੱਸੋ
ਕੀ ਕਰਨਾ ਬਾਦਸ਼ਾਹੀ ਦਾ

ਬਣੇਗੀ ਖ਼ੂਬ ਦੋਵਾਂ ਦੀ
ਨਿਭੇਗੀ ਅੰਤ ਤਕ ਯਾਰੀ
ਤੂੰ ਨਿੱਤ ਹੀ ਜ਼ਖ਼ਮ ਦਿੰਦਾ ਏਂ
ਤੇ ਮੈਨੂੰ ਦਰਦ ਚਾਹੀਦਾ

ਦਬਾਈ ਰੱਖਦੈ ਦਿਲ ਵਿਚ
ਕਿਸੇ ਨੂੰ ਵੀ ਨਹੀਂ ਦਸਦਾ
ਬਗਾਵਤ ਨੂੰ ਜੀ ਕਰਦਾ ਹੈ
ਕਈ ਵਾਰੀ ਸਿਪਾਹੀ ਦਾ

ਉਹ ਕੋਈ ਖ਼ਾਬ ਹੀ ਹੋਵੇ
ਉਹ ਕੋਈ ਖ਼ਿਆਲ ਹੀ ਹੋਵੇ
ਕਿ ਖ਼ੰਜਰ ਵਰਗਾ ਅੰਦਰ ਹੀ
ਕੋਈ ਹਥਿਆਰ ਚਾਹੀਦਾ

***

✪

ਰਿਹਾ ਰੋਕਣ ’ਚ ਮੈਂ ਫਿਰ ਅੱਜ ਨਾਕਾਮ
ਕਿ ਖੰਜਰ ਵਾਂਗ ਸੀਨੇ ਉਤਰੀ ਫਿਰ ਸ਼ਾਮ

ਬਦਲ ਹੁੰਦਾ ਨਹੀਂ ਜਦ ਕੁਝ ਵੀ ਹੋਰ
ਬਦਲ ਲੈਂਦਾ ਹੈ ਸ਼ਾਇਰ ਆਪਣਾ ਨਾਮ

ਪਤਾ ਨੀਂ ਦੋਸਤੋ! ਕੀ ਹੋ ਗਿਆ ਹੈ ਕਿ
ਜਦੋਂ ਭਟਕਾਂ ਉਦੋਂ ਹੀ ਆਏ ਆਰਾਮ

ਡੁਬੋਇਆ ਬੰਦਿਆਂ ਨੂੰ ਖੁਦ ਹੀ ਦਰਿਆ ’ਚ
ਤੇ ਫਿਰ ਦਰਿਆ ’ਤੇ ਲਾਏ ਕਿੰਨੇ ਇਲਜ਼ਾਮ

ਕੀ ਮੁਸ਼ਕਿਲ ਹੈ ਇਹ ਲੋਕੀਂ ਸੁਣਦੇ ਤਾਂ ਹੋਣ
ਕਿ ਫਿਰ ਤਾਂ ਚੀਕ ਵੀ ਬਣ ਜਾਏ ਪੈਗ਼ਾਮ

ਮਿਰੇ ਸੀਨੇ ਕੀ ਸੁਲਗੇ ਪੁੱਛਣ ਖਾਤਰ ਇਹ
ਮੈਂ ਇਕ ਚਿੱਠੀ ਲਿਖੀ ਹੈ ਅੱਗ ਦੇ ਨਾਮ

***

✪

ਜਦੋਂ ਵੀ ਚੀਕਦੀ ਹੈ ਚੁਪ ਕਰਾਂ ਦਿਆਂ ਜ਼ਮੀਰ ਨੂੰ
ਮੈਂ ਏਸ ਖੇਡ ਵਿੱਚ ਰੋਜ ਜਿੱਤਦਾਂ ਅਖੀਰ ਨੂੰ

ਨਦੀ ਨੇ ਪੁੱਛਿਆ ਤਿਰੇ 'ਚ ਐਸੀ ਅੱਗ ਹੈ ਕਵੀ
ਕਿ ਜਜ਼ਬ ਕਰ ਲਵੇ ਮਿਰੇ ਉਛਲਦੇ ਨੀਰ ਨੂੰ

ਕੋਈ ਵੀ ਰਾਹ ਦਿਸ ਨਹੀਂ ਰਿਹਾ ਦਿਸ਼ਾ 'ਚ ਜਾਣ ਦਾ
ਤੇ ਆਪਣਾ ਪਤਾ ਵੀ ਭੁਲ ਗਿਆ ਹੈ ਰਾਹਗੀਰ ਨੂੰ

ਕਮਾਲ ਹੈ ਲੈ ਦੇਖ ਕੁੱਲੀ ਨੂੰ ਹੀ ਮਹਿਲ ਆਖਦੈ
ਕਿ ਬਾਦਸ਼ਾਹ ਦਾ ਰਤਾ ਵੀ ਡਰ ਨਹੀਂ ਫ਼ਕੀਰ ਨੂੰ

***

✪

ਸਭਾ ਵਿਚ ਜਾਂ ਤਾਂ ਦਿਨ ਨੂੰ ਆਖਦੇ ਰਾਤ
ਜਾਂ ਪੀ ਲੈ ਜ਼ਹਿਰ ਸਾਲਮ ਤੋਂ ਹੋ ਸੁਕਰਾਤ

ਖੜਾ ਹੈ ਰਾਜਿਆ! ਫੌਜਾਂ ਦੇ ਸਾਵੇਂ ਉਹ
ਤੇਰੇ ਤੋਂ ਵੱਡੀ ਹੈ ਬਾਗੀ ਦੀ ਔਕਾਤ

ਜੇ ਅੱਧੀ ਰਾਤ ਨੂੰ ਕੁੰਡਾ ਲਿਆ ਖੋਲ
ਖ਼ਰੇ ਮੈਨੂੰ ਕੀ ਕੁਝ ਪੁੱਛੇਗੀ ਪਰਭਾਤ

ਲਓ ਫਿਰ ਜਿਤ ਗਿਆ ਅੱਜ ਜੀਣ ਦਾ ਖ਼ਿਆਲ
ਸ਼ਿਕਾਰੀ ਨੂੰ ਪਰਿੰਦਾ ਦੇ ਗਿਆ ਮਾਤ

ਮੇਰੀ ਤਾਂ ਛਾਤੀ ਫਟ ਜਾਣੀ ਹੈ ਇਉਂ ਯਾਰ!
ਕਿ ਹਾਏ ਤਕ ਨਾ ਆਖਣ ਦੇਣ ਹਾਲਾਤ

***

✪

ਦੱਸ ਕਿੱਥੋਂ ਸਿਖਿਆ ਤੂੰ
ਪੱਥਰਾਂ ਨੂੰ ਖ਼ਿਆਲ ਦੇਣਾ
ਨੀਰ ਕਰ ਦੇਣਾ ਘਟਾ ਨੂੰ
ਤੇ ਨਦੀ ਨੂੰ 'ਛਾਲ ਦੇਣਾ

ਰੋਜ ਦੇ ਤੂੰ ਜ਼ਖ਼ਮ ਮੈਨੂੰ
ਹੁਣ ਨਹੀਂ ਹੈ ਫ਼ਿਕਰ ਕੋਈ
ਸਿੱਖ ਲਿਆ ਹੈ ਦਰਦ ਨੂੰ ਮੈਂ
ਗੀਤ ਦੇ ਵਿਚ ਢਾਲ ਦੇਣਾ

ਬਸ ਇਹੀ ਹੈ ਕਰਮ ਤੇਰਾ
ਬਸ ਇਹੀ ਹੈ ਧਰਮ ਤੇਰਾ
ਜਿਸ ਥਾਂ ਵੀ ਹੋਵੇ ਹਨੇਰਾ
ਦੀਪ ਉਸ ਥਾਂ ਬਾਲ ਦੇਣਾ

ਕੀ ਬਣੇਗਾ ਕੀ ਪਤਾ ਹੁਣ
ਇਹ ਸੁਭਾ ਹੀ ਬਣ ਗਿਆ ਹੈ
ਚੁੱਪ ਰਹਿਣਾ ਦੇਖ ਕੇ ਸਭ
ਹਰ ਲੜਾਈ ਟਾਲ ਦੇਣਾ

***

✪

ਸ਼ਿਕਾਰੀਆਂ ਨੂੰ ਏਸਦਾ ਰਤਾ ਵੀ ਨਾ ਗਿਆਨ ਹੈ
ਕਿ ਕੈਦ ਪੰਛੀਆਂ ਦੇ ਖ਼ਿਆਲ ਵਿੱਚ ਆਸਮਾਨ ਹੈ

ਕਟਾਰ ਤਾਂ ਹੈ ਦੋਸਤੋ! ਬਿਗਾਨਿਆਂ ਦੇ ਹੱਥ ਵਿਚ
ਇਹ ਜਾਣਦਾ ਹਾਂ ਮੈਂ ਕਿ ਮੇਰੇ ਹੱਥ ਬਸ ਮਿਆਨ ਹੈ

ਪਤਾ ਨਹੀਂ ਹੈ ਕੁਝ ਵੀ ਰਾਹਗੀਰ ਨੂੰ ਹਵਾ ਦਾ ਪਰ
ਹਵਾ ਨੇ ਪਰਖ ਵੀ ਲਿਆ ਕਿ ਆਦਮੀ ਨਦਾਨ ਹੈ

ਖ਼ਿਆਲ ਕੱਢ ਦੇ ਤੂੰ ਵਸਣ ਦਾ ਨਗਰ 'ਚ ਹੁਣ ਦਿਲੋਂ
ਬਣੇਗਾ ਮਹਿਲ ਇਸ ਥਾਏਂ ਜਿਸ ਥਾਂ ਇਹ ਮਕਾਨ ਹੈ

ਮੈਂ ਸੋਚਦਾ ਹਾਂ ਕੀ ਕਰਾਂ ਕੀ ਨਾ ਕਰਾਂ ਇਹ ਜਾਪਦੈ
ਕਿ ਜੀਣ ਵਿਚ ਔਖ ਹੈ ਤੇ ਮੌਤ ਕੁਝ ਅਸਾਨ ਹੈ

***

✪

ਦੱਸੋ ਹੋਰ ਮੈਂ ਕੀ ਹਾਂ ਜੇਕਰ ਦਾਸ ਨਹੀਂ
ਮੇਰਾ ਭਵਿਖ ਨਹੀਂ ਮੇਰਾ ਇਤਿਹਾਸ ਨਹੀਂ

ਮਨ ਏਨਾ ਬੁਝਿਆ ਹੈ ਮੇਰਾ ਕੀ ਦੱਸਾਂ
ਸੂਰਜ ਕੱਲ ਚੜ੍ਹੇਗਾ ਮੈਨੂੰ ਆਸ ਨਹੀਂ

ਸਾਂਤ ਹੋ ਗਈ ਉਛਲਣ ਮਗਰੋਂ ਫੇਰ ਨਦੀ
ਸ਼ਾਇਦ ਮੁੜਦੇ ਰਾਹੀਆਂ ਨੂੰ ਹੁਣ ਪਿਆਸ ਨਹੀਂ

ਬਚਪਨ ਦਾ ਦੋਸਤ ਸੀ ਜਿਹੜਾ ਗੁਜ਼ਰ ਗਿਆ
ਪਰ ਮੇਰੇ ਮਨ ਨੂੰ ਭੋਰਾ ਅਹਿਸਾਸ ਨਹੀਂ

***

✪

ਨਾ ਹੀ ਫੌਜਾਂ ਦੀ ਤੇ ਨਾ ਜਗਤਾਰ ਦੀ
ਆਈ ਨਾ ਕੋਈ ਖ਼ਬਰ ਜਿੱਤ ਹਾਰ ਦੀ

ਨੀਰ ਤੇਰਾ ਮੁੱਲ ਵਿਕਦੈ ਸ਼ਹਿਰ ਵਿਚ
ਐ ਨਦੀ! ਦੱਸਾਂ ਕੀ ਗੱਲ ਬਾਜ਼ਾਰ ਦੀ

ਇਸਤਿਹਾਰਾਂ ਦੀ ਲੜਾਈ ਰਹਿ ਗਈ
ਮੋਰਚੇ ਦੀ ਤੇ ਨਾ ਹੀ ਹਥਿਆਰ ਦੀ

ਉਡਣ ਤੋਂ ਪਹਿਲਾਂ ਜੇ ਪੰਛੀ ਸੋਚਦੇ
ਜਾਨ ਬਚ ਜਾਣੀ ਸੀ ਪੂਰੀ ਡਾਰ ਦੀ

ਮਨ 'ਚ ਕੁਝ ਹੈ ਲਿਖ ਰਿਹਾ ਏਂ ਹੋਰ ਕੁਝ
ਗੱਲ ਕਰਦੈ ਸਾਲਮਾ! ਵਿਚਕਾਰ ਦੀ

ਕਿਉਂ ਹਵਾ ਸਿਰ ਦੋਸ਼ ਸਾਰਾ ਧਰ ਰਹੀ
ਅੱਗ ਗਲਤੀ ਕਿਉਂ ਨਹੀਂ ਸਵੀਕਾਰਦੀ

ਹਾਰ ਗਈ ਬੰਸੀ ਤੋਂ ਇਹ ਕਹਿੰਦੀ ਸੀ ਜੋ
ਅੱਗ ਹਾਂ ਮੈਂ ਨੀਂ ਕਿਸੇ ਤੋਂ ਹਾਰਦੀ

ਰੋਹ ਦੇ ਵਿਚ ਆਈ ਸੀ ਪੁਸਤਕ ਜਦੋਂ
ਉਡ ਗਈ ਸੀ ਹੋਸ਼ ਫਿਰ ਤਲਵਾਰ ਦੀ

ਰਾਹਗੀਰਾਂ! ਰਾਹ ਭੁਲ ਜਾਣਾ ਹੈ ਇਉਂ
ਕਰ ਨ ਏਨੀ ਫ਼ਿਕਰ ਤੂੰ ਘਰ ਬਾਰ ਦੀ

ਇਹ ਕਿਸੇ ਦੀ ਨਹੀਂ ਤਲਵਾਰ ਹੈ
ਨਾ ਹੀ ਬਾਗ਼ੀ ਦੀ ਨਾ ਪਹਿਰੇਦਾਰ ਦੀ

***

✪

ਕੋਈ ਨਾ ਸਮਝਿਆ ਉਸਦੇ ਵਿਉਪਾਰ ਨੂੰ
ਵੇਚਤਾ ਰੱਦੀ ਵਿਚ ਤਾਜੇ ਅਖ਼ਬਾਰ ਨੂੰ

ਏਸਦੇ ਵਿੱਚ ਬੂਹਾ ਬਣਾਉਣਾ ਹੈ ਮੈਂ
ਸੋਚਦਾਂ ਕਿੰਝ ਦੱਸਾਂ ਇਹ ਦੀਵਾਰ ਨੂੰ

ਹੈ ਸ਼ਿਕਾਰੀ ਨਗਰ ਵਿੱਚ ਹਰ ਆਦਮੀ
ਡਰ ਤਾਂ ਹੀ ਲਗਦੈ ਉਡਣ ਤੋਂ ਡਾਰ ਨੂੰ

ਦੇਖ ਹੁਣ ਤੀਕ ਵੀ ਕੰਬਦੈ ਦਿਲ ਮੇਰਾ
ਇੱਕ ਵਾਰੀ ਹੀ ਛੂਹਿਆ ਸੀ ਤਲਵਾਰ ਨੂੰ

ਅੱਜ ਬਾਜ਼ਾਰ ਪੇਂਡੂਆਂ ਨੂੰ ਲੱਭਦੈ
ਲੱਭਦੇ ਸੀ ਕਦੇ ਪੇਂਡੂ ਬਾਜ਼ਾਰ ਨੂੰ

***

✪

ਘਰ ਕਿੱਥੇ ਹੈ ਇਹ ਤਾਂ ਚਾਰਦੀਵਾਰੀ ਹੈ
ਨਾ ਕੋਈ ਦਰਵਾਜਾ ਨਾ ਕੋਈ ਬਾਰੀ ਹੈ

ਦੱਸੋ ਮੇਰੇ ਤੋਂ ਕਿਉਂ ਡਰਨਾ ਜੰਗਲ ਨੇ
ਜੰਗਲ ਡਰਦੈ ਜਿਸ ਕੋਲੇ ਚਿੰਗਾਰੀ ਹੈ

ਪਹਿਲਾਂ ਵਾਰ ਹਵਾ ਦਾ ਸੀ ਲਓ ਬਚ ਗਿਆ
ਦੇਖੋ ਹੁਣ ਜ਼ਖ਼ਮੀ ਪੰਛੀ ਦੀ ਵਾਰੀ ਹੈ

ਕੀ ਦੱਸਾਂ ਮੈਂ ਗੱਲ ਮੇਰੀ ਬੇਹੋਸ਼ੀ ਦੀ
ਮੇਰੀ ਥਾਂ 'ਤੇ ਚੀਕ ਕਿਸੇ ਨੇ ਮਾਰੀ ਹੈ

ਹੌਲ ਜਿਹੇ ਪੈਂਦੇ ਨੇ ਦੁਖਦਾ ਕੁੱਝ ਨਹੀਂ
ਖ਼ਬਰੇ ਮੈਨੂੰ ਇਹ ਕੈਸੀ ਬੀਮਾਰੀ ਹੈ

ਦੱਸ ਕਿਵੇਂ ਸਮਝਾਵਾਂ ਭੋਲੇ ਪੰਛੀਆਂ ਨੂੰ
ਓਧਰ ਹੀ ਉਡਦੇ ਨੇ ਜਿਧਰ ਸ਼ਿਕਾਰੀ ਹੈ

ਅੱਜ ਫੇਰ ਬਚਾ ਨਾ ਸਕਿਆ ਸੂਰਜ ਡੁਬਣੋਂ
ਮੇਰੀ ਤਾਂ ਯੁਗਾਂ ਤੋਂ ਕੋਸ਼ਿਸ਼ ਜਾਰੀ ਹੈ

ਪੂਰਾ ਹੈ ਵਿਸ਼ਵਾਸ ਤੇਰੇ 'ਤੇ ਯਾਰਾ! ਪਰ
ਮੈਨੂੰ ਅਪਣੇ ਆਪ 'ਤੇ ਬੇਇਤਬਾਰੀ ਹੈ

ਜਿੱਤ ਜਾਂਦੇ ਸ਼ਾਇਦ ਜੇ ਲੜਨਾ ਨਾ ਛੱਡਦੇ
ਆਪਾਂ ਅਪਣੇ ਆਪ ਲੜਾਈ ਹਾਰੀ ਹੈ

ਲੁਟ ਜਾਂਦਾ ਹੈ ਪੱਥਰਾਂ ਬਦਲੇ ਅਕਸਰ ਉਹ
ਸ਼ੀਸ਼ੇ ਦਾ ਇਸ ਨਗਰ 'ਚ ਇਕ ਵਪਾਰੀ ਹੈ

***

✪

ਇਨ੍ਹਾਂ ਪੰਛੀਆਂ ਨੂੰ ਕਰੋ ਹੁਣ ਅਜ਼ਾਦ
ਇੰਨਾ ਕਹਿਣ 'ਤੇ ਛਿੜ ਗਿਆ ਹੈ ਵਿਵਾਦ

ਅਜੇ ਵੀ ਭਟਕਣਾ ਹੈ ਚੇਤੇ ਮੇਰੇ ਉਹ
ਕੀ ਤੈਨੂੰ ਵੀ ਤੇਰੀ ਤੜਪ ਹੈ ਉਹ ਯਾਦ

ਕਹੇ ਮਰਨ ਨੂੰ ਵੀ ਅਤੇ ਜੀਣ ਨੂੰ ਵੀ
ਬਦਲ ਜਾਂਦਾ ਹੈ ਮਨ ਇਹ ਕੁਝ ਦੇਰ ਬਾਦ

ਸੁਣੇ ਗੂੰਜਦੀ ਆਰਿਆਂ ਦੀ ਅਵਾਜ਼
ਨਹੀਂ ਹੋਣ ਦਿੰਦੀ ਇਹ ਜੰਗਲ ਅਬਾਦ

***

✪

ਜੀਣ ਖਾਤਰ ਜੇ ਮਰਨਾ ਹੀ ਦਸਤੂਰ ਹੈ
ਠੀਕ ਹੈ ਫੇਰ ਮਰਨਾ ਵੀ ਮਨਜ਼ੂਰ ਹੈ

ਦੇਖ ਸੀਨਾ ਮੇਰਾ ਵੀ ਬੜਾ ਮਚਲਦੈ
ਜੇ ਨਿਸ਼ਾਨਾ ਤੇਰਾ ਬਹੁਤ ਮਸ਼ਹੂਰ ਹੈ

ਇਹ ਮੇਰੇ ਸੀਨੇ ਦੀ ਅੱਗ 'ਚੋਂ ਨਿਕਲਿਆ
ਮੇਰਿਆਂ ਅੱਖਰਾਂ ਵਿੱਚ ਜੋ ਨੂਰ ਹੈ

ਖ਼ਾਬ ਦਫ਼ਨਾਏ ਨੇ ਰਾਹੀਆਂ ਦੇ ਏਥੇ
ਬਸ ਇਸੇ ਕਰਕੇ ਇਹ ਚੌਂਕ ਮਸ਼ਹੂਰ ਹੈ

***

✪

ਕੁਝ ਹੋਸ਼ ਵੀ ਹੈ ਇਹ ਤੈਨੂੰ ਕੀ ਹੋਇਆ ਹੈ
ਅੱਗ ਲਈ ਫੁੱਲਾਂ ਦਾ ਹਾਰ ਪਰੋਇਆ ਹੈ

ਮੇਰੇ ਅੰਦਰ ਚਿਰ ਦਾ ਬੰਦਾ ਮੋਇਆ ਹੈ
ਘਰ ਵਿਚ ਕੋਈ ਇਕ ਦਿਨ ਵੀ ਨਾ ਰੋਇਆ ਹੈ

ਖ਼ਬਰੇ ਕਦ ਇਹ ਮੇਰਾ ਸੀਨਾ ਚੀਰ ਦਵੇ
ਐਸਾ ਦਰਦ ਮੈਂ ਸੀਨੇ ਵਿਚ ਲਕੋਇਆ ਹੈ

ਜਿਹੜਾ ਪੰਛੀ ਦੇ ਤੜਪਣ 'ਤੇ ਹੱਸਦਾ ਸੀ
ਉਹ ਅੱਜ ਪੰਛੀ ਦੇ ਤੜਪਣ 'ਤੇ ਰੋਇਆ ਹੈ

ਦਰਵਾਜਾ ਖੁੱਲਾ ਹੋਵੇ ਤਾਂ ਡਰ ਲਗਦੈ
ਏਸ ਲਈ ਹੀ ਮੈਂ ਦਰਵਾਜਾ ਢੋਇਆ ਹੈ

ਉਡਣ ਦੇ ਸੁਪਨੇ ਸਿਸਕਣ ਉਸ ਪੰਛੀ ਅੰਦਰ
ਆਖ ਰਿਹਾ ਹਰ ਕੋਈ ਜਿਸਨੂੰ ਮੋਇਆ ਹੈ

ਤੇਰੀ ਮੇਰੀ ਰਿਸ਼ਤੇਦਾਰੀ ਜਾਪੇ ਜਿਉਂ
ਬਾਰੀ ਖੁੱਲੀ ਹੈ ਤੇ ਬੂਹਾ ਢੋਇਆ ਹੈ

ਤੇਰਾ ਦੁੱਖ ਬਹਾਨਾ ਬਣਿਆ ਉਸਦੇ ਲਈ
ਬੰਦਾ ਤਾਂ ਉਹ ਅਪਣੇ ਦੁਖ ਨੂੰ ਰੋਇਆ ਹੈ

ਮੈਨੂੰ ਪੌਣ ਤੋਂ ਡਰ ਲੱਗੇ ਏਹੋ ਆਖੇ
ਜਦ ਵੀ ਮੈਂ ਰੁੱਖ ਨੂੰ ਪੁਛਦਾਂ ਕੀ ਹੋਇਆ ਹੈ

ਲੋਕ ਤਮਾਸ਼ਾ ਦੇਖ ਰਹੇ ਨੇ ਇਕ ਸ਼ਾਇਰ
ਵਗਦੀ ਹਵਾ ਨੂੰ ਰੋਕਣ ਲਈ ਖਲੋਇਆ ਹੈ

***

✪

ਨਾ ਚੋਰਾਂ ਕੋਲੋਂ ਤੇ ਨਾ ਹਥਿਆਰਾਂ ਤੋਂ ਡਰ ਲਗਦਾ ਹੈ
ਏਥੋਂ ਦੇ ਲੋਕਾਂ ਨੂੰ ਪਹਿਰੇਦਾਰਾਂ ਤੋਂ ਡਰ ਲਗਦਾ ਹੈ

ਸੜਦੇ ਜੰਗਲ ਦੀ ਫੋਟੋ ਕੀ ਦੇਖ ਲਈ ਅਖਬਾਰਾਂ ਵਿਚ
ਬਸ ਉਸ ਦਿਨ ਤੋਂ ਹੀ ਇਸਨੂੰ ਅਖ਼ਬਾਰਾਂ ਤੋਂ ਡਰ ਲਗਦਾ ਹੈ

ਇਸਦੀ ਛਾਂਵੇਂ ਬਹਿ ਕੇ ਯਾਰੋ! ਕਰਿਆ ਨਾ ਕਰੋ ਅੱਗ ਦੀ ਗੱਲ
ਮੇਰੇ ਵਿਹੜੇ ਦੇ ਰੁੱਖ ਨੂੰ ਅੰਗਿਆਰਾਂ ਤੋਂ ਡਰ ਲਗਦਾ ਹੈ

ਇਕ ਪਲ ਤਾਂ ਆਉਂਦਾ ਹੈ ਮਨ ਵਿਚ ਬਾਗ਼ੀ ਹੋਵਣ ਦਾ ਖ਼ਿਆਲ
ਦੂਜੇ ਪਲ ਫਿਰ ਅਪਣੇ ਇਨ੍ਹਾਂ ਵਿਚਾਰਾਂ ਤੋਂ ਡਰ ਲਗਦਾ ਹੈ

***

✪

ਦੇਖੋ ਡਰਿਆ ਨਾ ਲਓ ਬਾਜੀ ਮਾਰ ਗਿਆ
ਪੰਛੀ ਕੋਲੋਂ ਅੰਤ ਸ਼ਿਕਾਰੀ ਹਾਰ ਗਿਆ

ਪਿਛਲੀ ਉਮਰੇ ਇਹ ਕੀ ਆਈ ਮਨ ਅੰਦਰ
ਢੇਰ ਖਿਡੌਣੇ ਲੈ ਆਇਆ ਬਾਜ਼ਾਰ ਗਿਆ

ਡੁਬਿਆਂ ਦਾ ਕੋਈ ਥਹੁ ਪਤਾ ਨਹੀਂ ਲੱਗਿਆ
ਮੈਂ ਦਰਿਆ ਤੋਂ ਪੁੱਛਣ ਲਈ ਸੌ ਵਾਰ ਗਿਆ

ਹਾਂ ਇੱਛਾ ਸੀ ਆਰ-ਪਾਰ ਦੇਖਣ ਦੀ ਪਰ
ਉਹ ਏਧਰ ਆਈ ਨਾ ਮੈਂ ਉਸ ਪਾਰ ਗਿਆ

***

✪

ਐ ਜੰਗਲ! ਮੈਂ ਹਵਾ 'ਤੇ ਵਾਰ ਕਰਦਾ ਹਾਂ
ਲੈ ਤੇਰੇ ਹੁਕਮ ਤੋਂ ਇਨਕਾਰ ਕਰਦਾ ਹਾਂ

ਮਿਰੇ ਅੰਦਰ ਬਲੇ ਜੇ ਫਿਰ ਲਿਖਾਂ ਮੈਂ ਕੁਝ
ਚਿਰਾਂ ਤੋਂ ਮੈਂ ਇਹੀ ਇੰਤਜਾਰ ਕਰਦਾ ਹਾਂ

ਕਵੀ ਹਾਂ ਵਾਰ ਕਰਨੋਂ ਪਹਿਲਾਂ ਇਕ ਵਾਰੀ
ਕਲਮ ਦੇ ਨਾਲ ਮੈਂ ਹੁਸ਼ਿਆਰ ਕਰਦਾ ਹਾਂ

ਪਤੈ ਸਭ ਅੰਨਿਆਂ ਦਾ ਸ਼ਹਿਰ ਹੈ ਇਹ ਪਰ
ਮੈਂ ਤਾਂ ਵੀ ਸ਼ੀਸ਼ੇ ਦਾ ਵਿਉਪਾਰ ਕਰਦਾ ਹਾਂ

ਸਿਪਾਹੀ ਨੂੰ ਮੈਂ ਫਿਰ ਰਾਹੀ ਸਮਝ ਬੈਠਾ
ਇਹੀ ਗਲਤੀ ਮੈਂ ਕਿਉਂ ਹਰ ਵਾਰ ਕਰਦਾ ਹਾਂ

***

✪

ਜਾਂ ਮੇਰੇ ਸੁਆਲਾਂ ਦਾ ਤੂੰ ਦੇ ਜਵਾਬ
ਜਾਂ ਫਿਰ ਰੁੱਖ ਬਣਾ ਕਹਿ ਰਹੀ ਸੀ ਰਬਾਬ

ਦੇ ਸਕਦੀ ਸੀ ਉਂਝ ਤਾਂ ਹਜ਼ਾਰਾਂ ਜਵਾਬ
ਸਿਪਾਹੀ ਦੀ ਸੁਣਦੀ ਰਹੀ ਪਰ ਕਿਤਾਬ

ਕਫ਼ਨ ਜਾਪਦੀਆਂ ਨੇ ਲੋਈਆਂ ਮੈਨੂੰ
ਮੇਰੇ ਜ਼ਖ਼ਮ ਹੀ ਨੇ ਮੇਰੇ ਤਾਂ ਖ਼ਿਤਾਬ

ਖ਼ਰੇ ਕੀ ਸੁਣਾਉਂਦਾ ਸੀ ਉਸਨੂੰ ਬਿਆਸ
ਕਿ ਪਥਰਾ ਗਿਆ ਸੁਣਦਾ ਸੁਣਦਾ ਝਨਾਬ

ਜਗਾਉਂਦੇ ਨੇ ਮੈਨੂੰ ਤਾਂ ਆ ਨੀਂਦ ’ਚੋਂ ਇਹ
ਤੁਹਾਨੂੰ ਤਾਂ ਆਉਂਦੇ ਨੇ ਨੀਂਦਰ ’ਚ ਖ਼ਾਬ

ਮੈਂ ਕਿਸ ਵੈਦ ਤੋਂ ਪੁੱਛਾਂ ਇਸਦਾ ਇਲਾਜ
ਕੋਈ ਜ਼ਖ਼ਮ ਨਹੀਂ ਦਰਦ ਹੈ ਬੇਹਿਸਾਬ

ਮੈਂ ਸਭ ਨਾਲ ਤੁਰਨਾ ਨਹੀਂ ਏਸ ਰਾਹ
ਤੜਪ ਹੈ ਨ ਭਟਕਣ ਨ ਠੋਕਰ ਨ ਖ਼ਾਬ

ਲੈ ਗਿਣ ਜੋ ਕਰੇ ਮੇਰੇ ਸੀਨੇ ’ਤੇ ਛੇਕ
ਤੇਰਾ ਹਰ ਨਿਸ਼ਾਨਾ ਰਿਹਾ ਲਾਜਵਾਬ

ਸੁਣਾ ਨਾ ਪਿਆਸੇ ਮੁਸਾਫ਼ਿਰ ਦੀ ਗੱਲ
ਕਿ ਪਥਰਾ ਨ ਜਾਏ ਨਦੀਆਂ ਦਾ ਆਬ

***

✪

ਬਚ ਗਈ ਜਾਨ ਲੈ ਮੇਰਾ ਫਿਰ ਸਰ ਗਿਆ
ਮੇਰੀ ਥਾਂ ਮੇਰੇ ਅੰਦਰ ਕਵੀ ਮਰ ਗਿਆ

ਇਸ ਤਰਾਂ ਕਿੰਞ ਹੋਇਆ ਮੈਂ ਹੈਰਾਨ ਹਾਂ
ਆਪਣੇ ਸਾਏ ਤੋਂ ਮੈਂ ਕਿਵੇਂ ਡਰ ਗਿਆ

ਕਾਲਜੇ ਦਾ ਕਦੇ ਦਰਦ ਘਟਿਆ ਨਹੀਂ
ਜ਼ਖ਼ਮ ਭਾਵੇਂ ਮੇਰੇ ਸੀਨੇ ਦਾ ਭਰ ਗਿਆ

ਕੀ ਬਣੇਗਾ ਖ਼ਰੇ ! ਫਿਰ ਸ਼ਿਕਾਰੀ ਦਾ ਜੇ
ਜ਼ਖ਼ਮੀ ਪੰਛੀ ਜਰਾ ਹੌਸਲਾ ਕਰ ਗਿਆ

ਗੁਜਰਿਆ ਜੰਗਲਾਂ 'ਚੋਂ ਉਹ ਬੇਖ਼ੌਫ਼ ਹੋ
ਰਾਹੀ ਜਦ ਪੁੱਜਿਆ ਸ਼ਹਿਰ ਤਾਂ ਡਰ ਗਿਆ

***

✪

ਕੈਸੀ ਹਾਲਤ ਹੈ ਕੀ ਦੱਸਾਂ ਜੀ ਨਈਂ ਕਰਦਾ
ਹਰ ਇਕ ਜ਼ਖ਼ਮੀ ਹੈ ਕੋਈ ਹੌਕਾ ਨਈਂ ਭਰਦਾ

ਇਸ ਜੰਗਲ ਨੇ ਸੜਨੋਂ ਬਚ ਜਾਣਾ ਸੀ ਸ਼ਾਇਦ
ਜੇ ਅੱਗ ਸਾਵੇਂ ਕੋਈ ਜੰਗਲ ਦੀ ਗੱਲ ਕਰਦਾ

ਮੈਨੂੰ ਯੋਗ ਲੈ ਕੇ ਹੀ ਇਹ ਪਤਾ ਲਗਿਆ ਆਖਰ
ਮੈਂ ਜਿਸਨੂੰ ਤਿਆਗ ਸਮਝਿਆ ਉਹ ਮੋਹ ਸੀ ਘਰ ਦਾ

ਤੜਪਣ ਵੇਲੇ ਜਿਹੜਾ ਪੰਛੀ ਨੂੰ ਹੁੰਦਾ ਹੈ
ਸ਼ਾਇਰ ਅਜਿਹਾ ਦਰਦ ਰਹੇ ਹਰ ਵੇਲੇ ਜਰਦਾ

ਮਰ ਜਾਂਦੇ ਨੇ ਐਂਵੇਂ ਹੀ ਬਿਨ ਗੱਲ ਤੋਂ ਲੋਕੀਂ
ਬਸ ਕੋਈ ਕੋਈ ਹੀ ਅਪਣੀ ਆਈ ਮਰਦਾ

***

✪

ਖ਼ਿਆਲਾਂ ਨੂੰ ਤੂੰ ਏਦਾਂ ਕੈਦ ਨਾ ਕਰਿਆ ਕਰ
ਪੁਸਤਕ ਨੂੰ ਅਲਮਾਰੀ ਵਿਚ ਨਾ ਧਰਿਆ ਕਰ

ਮਨ ਆਖੇ ਮੈਨੂੰ ਭੋਰਾ ਨਾ ਜਰਿਆ ਕਰ
ਅੱਗ ਆਖੇ ਮੈਨੂੰ ਮੇਰੇ ਤੋਂ ਡਰਿਆ ਕਰ

ਮਨ ਦੀ ਗੱਲ ਕਰਿਆ ਕਰ ਰੁੱਖਾਂ ਨਾਲ ਹੀ ਤੂੰ
ਮਨ ਦੀ ਗੱਲ ਹਵਾ ਦੇ ਨਾਲ ਨਾ ਕਰਿਆ ਕਰ

ਤੇਰੇ ਕੋਲ ਹੁਨਰ ਹੈ ਜੇਕਰ ਐ ਸਾਲਮ!
ਸੜ ਚੁੱਕੇ ਜੰਗਲ ਨੂੰ ਹਰਿਆ ਭਰਿਆ ਕਰ

***

✪

ਕੀ ਕਰ ਸਕਦਾ ਹਾਂ ਮੈਨੂੰ ਮਾਰ ਦਵੇ ਭਾਵੇਂ
ਸ਼ਾਇਰ ਦੀ ਕੀ ਔਕਾਤ ਹੈ ਰਾਜੇ ਦੇ ਸਾਵੇਂ

ਗੱਲ ਕਰਦੈ ਜੰਗਲ ਦੀ ਖੜਦਾ ਏਂ ਅੱਗ ਵੱਲ
ਪੌਣਾਂ ਵਾਂਗੂੰ ਤੂੰ ਵੀ ਰੋਜ ਰੁਖ਼ ਬਦਲ ਜਾਵੇਂ

ਐ ਸਾਲਮ! ਤੇਰੀ ਗ਼ਜ਼ਲ ਦੇ ਹਰ ਇਕ ਸ਼ਿਅਰ ਵਿੱਚ
ਉਹਨਾਂ ਦਾ ਦਰਦ ਹੈ ਤੂੰ ਜਿਹੜੇ ਜ਼ਖ਼ਮ ਛੁਪਾਵੇਂ

ਰਾਹੀਆਂ ਤੋਂ ਉਹਨਾਂ ਦਾ ਨਾਮ ਨਹੀਂ ਪੁੱਛੀਦਾ
ਦਰਵੇਸ਼ਾਂ ਕੋਲੋਂ ਨਈਂ ਪੁੱਛੀਦੇ ਸਿਰਨਾਵੇਂ

ਇਹ ਜਿਹੜੀ ਚਿਣਗ ਸੁਲਗਦੀ ਹੈ ਮੇਰੇ ਅੰਦਰ
ਬੈਠਣ ਨੀਂ ਦਿੰਦੀ ਮੈਨੂੰ ਰੁੱਖਾਂ ਦੀ ਛਾਂਵੇਂ

ਮਿਲ ਸਕਦੀ ਹੈ ਆਵਾਜ਼ ਮੇਰੀ ਏਸ ਚੁੱਪ ਨੂੰ
ਐ ਬੰਸੀ! ਜੇਕਰ ਤੂੰ ਮੇਰੀ ਚੀਕ ਬਣ ਜਾਵੇਂ

***

✪

ਨਾ ਮੈਥੋਂ ਬਹਿ ਹੁੰਦਾ ਹੈ ਚੁਪ ਹੋ ਕੇ
ਨਾ ਹੀ ਕਹਿ ਹੁੰਦਾ ਹੈ ਕੁਝ ਖਲੋ ਕੇ

ਡਰ ਯਾਰੋ ! ਮੈਨੂੰ ਏਨਾ ਲਗਦਾ ਹੈ
ਮੈਂ ਹੌਕਾ ਵੀ ਭਰਦਾ ਬੂਹਾ ਢੋ ਕੇ

ਮਨ ਦੀ ਹਾਲਤ ਨਾ ਸਮਝ ਆਈ ਮੈਨੂੰ
ਹਾਸਾ ਨਿਕਲ ਗਿਆ ਜਦ ਹਟਿਆ ਰੋ ਕੇ

ਕਿੱਥੋਂ ਆਈ ਅੰਦਰ ਏਨੀ ਸ਼ਕਤੀ
ਪੰਛੀ ਉਡਿਆ ਕਿੱਦਾਂ ਜ਼ਖ਼ਮੀ ਹੋ ਕੇ

***

✪

ਬਚ ਗਿਆ ਜੇ ਇਹ ਤੂਫਾਨ ਤੋਂ ਫੇਰ ਕੀ
ਫਿਰ ਰਿਹੈ ਹਰ ਕੋਈ ਏਸਦੀ ਭਾਲ ਵਿਚ
ਦੇਖ ਲੈਣਾ ਇਹੀ ਏਸਦੀ ਹੋਣੀ ਹੈ
ਪੰਛੀ ਫਸ ਜਾਏਗਾ ਅੰਤ ਨੂੰ ਜਾਲ ਵਿਚ

ਕੀ ਕਰੀਏ ਅਸੀਂ ਤਾਂ ਪਰਿੰਦੇ ਹੋਏ
ਕਰਮ ਤੇ ਧਰਮ ਸਾਡਾ ਤਾਂ ਸਭ ਕੁਝ ਇਹੀ
ਭਾਵੇਂ ਜਾਨੋਂ ਚਲੇ ਜਾਈਏ ਉਡਦਿਆਂ
ਉਡਣਾ ਪੈਂਦਾ ਹੈ ਸਾਨੂੰ ਹਰ ਹਾਲ ਵਿਚ

ਠੀਕ ਹੈ ਸ਼ਾਇਰੀ ਹੈ ਤੇਰੀ ਬਹਿਰ ਵਿਚ
ਜ਼ਿਕਰ ਹੈ ਹੌਕਿਆਂ ਦਾ ਵੀ ਸ਼ਿਅਰਾਂ 'ਚ ਪਰ
ਜੋ ਤੜਪ ਸੀਨਿਆਂ ਵਿੱਚ ਹੈ ਸਾਲਮਾ!
ਉਹ ਤੜਪ ਹੈ ਨਹੀਂ ਤੇਰੇ ਹਰ ਖ਼ਿਆਲ ਵਿਚ

ਕੁਝ ਹੋਵੇ ਨਤੀਜਾ ਰਤਾ ਡਰ ਨਹੀਂ
ਆਪਣਾ ਆਪ ਹਰ ਹਾਲ ਵਿਚ ਪਰਖਣਾ
ਦੇਖਣੀ ਇਕ ਵਾਰੀ ਸੀਨੇ ਨਾਲ ਲਾ
ਫਿਰ ਰਿਹਾ ਕਦ ਤੋਂ ਮੈਂ ਅੱਗ ਦੀ ਭਾਲ ਵਿਚ

***

✪

ਉਹ ਕਹੇਂਗਾ ਤੂੰ ਜੋ ਤੇਰੇ ਲਈ ਠੀਕ ਹੈ
ਚੀਕ ਨੂੰ ਕਿਉਂ ਕਹੇਂਗਾ ਭਲਾ ਚੀਕ ਹੈ

ਦਰਦ ਇਹ ਮੇਰਿਆਂ ਗੀਤਾਂ ਵਿਚ ਹੀ ਨਹੀਂ
ਦਰਦ ਇਹ ਮੇਰੇ ਸੀਨੇ 'ਚ ਧੁਰ ਤੀਕ ਹੈ

ਜੁਆਬ ਦੇਵਣਗੇ ਜਦ ਸਾਜ਼ ਤਲਵਾਰ ਨੂੰ
ਓਸ ਵੇਲੇ ਦੀ ਮੈਨੂੰ ਅਜੇ 'ਡੀਕ ਹੈ

ਲੋਕ ਘਰ ਦਾ ਪਤਾ ਦਸਦਿਆਂ ਕੰਬਦੇ
ਕਹਿਣ ਨੂੰ ਇਸ ਨਗਰ ਵਿਚ ਸਭ ਠੀਕ ਹੈ

***

✪

ਕੀ ਹਾਂ ਤੇ ਮੇਰੀ ਕੀ ਬਣ ਗਈ ਹੈ ਛਬੀ
ਮੈਂ ਹਾਂ ਕਾਇਰ ਤੇ ਇਹ ਲੋਕ ਆਖਣ ਕਵੀ

ਕੀ ਪਤਾ ਤੇਰੇ ਅੰਦਰ ਕੀ ਹੈ ਐ ਨਦੀ!
ਜੇ ਕੋਈ ਦੁੱਖ ਹੈ ਉਛਲਿਆ ਕਰ ਕਦੀ

ਝੂਠ ਬੋਲੇ ਮੇਰਾ ਨਾਂ ਲੈ ਇਹ ਮੈਂ ਨਹੀਂ
ਮੇਰੇ ਅੰਦਰ ਹੈ ਇਹ ਕੋਈ ਅਜਨਬੀ

ਧਰਤ ਦੀ ਹਿੱਕ 'ਤੇ ਜੋ ਨਦੀ ਲਿਖ ਗਈ
ਰਹਿਣਗੇ ਇਹਨੂੰ ਪੜ੍ਹਦੇ ਯੁਗਾਂ ਤਕ ਕਵੀ

ਦੋਸਤੋ! ਸ਼ਹਿਰ ਵਿਚ ਵੋਟ ਤਾਂ ਬਹੁਤ ਹੈ
ਸ਼ਹਿਰ ਵਿਚ ਹੈ ਨਹੀਂ ਇੱਕ ਵੀ ਆਦਮੀ

***

✪

ਮੇਰੇ ਤੋਂ ਰਹਿ ਨਹੀਂ ਹੁੰਦਾ ਹੁਣ ਸ਼ਹਿਰ ਵਿਚ
ਮਾਰਨੀ ਪੈਂਦੀ ਹੈ ਚੀਕ ਵੀ ਬਹਿਰ ਵਿਚ

ਦੋਸਤੋ ! ਇਸ ਲਈ ਜਿਉਂਦਾ ਹੁਣ ਤੀਕ ਮੈਂ
ਮੈਥੋਂ ਡੁਬਿਆ ਗਿਆ ਨਾ ਕਿਸੇ ਨਹਿਰ ਵਿਚ

ਸ਼ਾਇਰਾਂ ਦੀਆਂ ਨਜ਼ਮਾਂ ਜਿਹਾ ਕੁਝ ਨਹੀਂ
ਡੁਬ ਗਿਆ ਦੀ ਤੜਪ ਹੈ ਇਹਦੀ ਲਹਿਰ ਵਿਚ

ਮੈਂ ਇਹੀ ਸੋਚਦਾਂ ਹੁਣ ਕਿੱਥੇ ਜਾਣਗੇ
ਪਿੰਡ ਤੋਂ ਆ ਕੇ ਜੋ ਵਸ ਗਏ ਸ਼ਹਿਰ ਵਿਚ

***

✪

ਪੰਛੀਓ ਰੱਖਣਾ ਯਾਦ ਖੁਦ ਥਹੁ ਪਤਾ
ਰੁਖ਼ ਬਦਲ ਜਾਂਦੀ ਹੈ ਇਕ ਪਲ ਵਿਚ ਹਵਾ

ਤੇਰੇ ਸੀਨੇ ਚਿਣਗ ਹੈ ਨਹੀਂ ਸਾਲਮਾ!
ਤੇਰੇ ਤੋਂ ਲਿਖ ਨਹੀਂ ਹੋਣੀ ਅਗਨੀ ਕਥਾ

ਵਿਕਦੀ ਨਾ ਫੇਰ ਪੁਸਤਕ ਉਦ੍ਹੀ ਰੱਦੀ ਵਿਚ
ਜੇ ਉਹ ਲਿਖਦਾ ਲਹੂ ਨਾਲ ਕੋਈ ਸਫ਼ਾ

ਸੱਚ ਨੀਂ ਮੰਨਦਾ ਕੋਈ ਮੈਂ ਜਾਣਦਾ
ਡੁੱਬ ਗਏ ਸੈਂਕੜੇ ਸੂਰਜਾਂ ਦਾ ਪਤਾ

ਤੋੜਨੀ ਪੈਣੀ ਹੈ ਡੁੱਬਿਆਂ ਬਾਰੇ ਚੁਪ
ਚੜ ਗਈ ਇਹ ਨਦੀ ਜੇ ਕਦੇ ਹੋ ਖ਼ਫ਼ਾ

ਡਰ ਗਈ ਸੀ ਅੱਗ ਗੱਲ ਸੁਣ ਆਗੂ ਦੀ
ਯਾਦ ਹੈ ਮੈਨੂੰ ਅਜ ਤੀਕ ਉਹ ਹਾਦਸਾ

***

✪

ਮੈਂ ਹਰ ਗੱਲ ਨਹੀਂ ਕਹਿ ਸਕਦਾ ਪੂਰੀ
ਇਸਨੂੰ ਮਰਜੀ ਸਮਝੋ ਜਾਂ ਮਜਬੂਰੀ

ਗੱਲਾਂ ਕਰਦਾ ਹਾਂ ਅੱਗ ਦੀਆਂ ਭਾਵੇਂ
ਤੇ ਖੁਦ ਅਗਨੀ ਤੋਂ ਰੱਖਦਾ ਹਾਂ ਦੂਰੀ

ਸ਼ਾਇਰ ਆਖੋ ਜਾਂ ਫਿਰ ਕਾਇਰ ਮੈਨੂੰ
ਜਾਨੋਂ ਵੱਧ ਨਹੀਂ ਹੈ ਕੁਝ ਜ਼ਰੂਰੀ

ਪੱਛਮ ਵੱਲ ਜਾਨੈ ਪੂਰਬ ਪੂਰਬ ਕਹਿ
ਲਗਦਾ ਹੈ ਤੈਨੂੰ ਹੋਸ਼ ਨਹੀਂ ਪੂਰੀ

ਉਡਣੋਂ ਪਹਿਲਾਂ ਇਸ ਜੰਗਲ ਦੇ ਪੰਛੀ
ਲੈਣ ਸ਼ਿਕਾਰੀਆਂ ਕੋਲੋਂ ਮਨਜੂਰੀ

***

✪

ਸਿਰ ਮੇਰਾ ਹੋਵੇ ਤੇਰੀ ਤਲਵਾਰ ਹੋਵੇ
ਓਦਾਂ ਕਰ ਜਿੱਦਾਂ ਤੈਨੂੰ ਇਤਬਾਰ ਹੋਵੇ

ਯੋਗੀਆਂ ਦੇ ਮਨ 'ਚ ਇਹ ਆਉਂਦਾ ਤਾਂ ਹੋਣੈ
ਬਾਲ ਬੱਚੇ ਹੋਣ ਤੇ ਘਰ ਬਾਰ ਹੋਵੇ

ਜੀਣ ਖਾਤਰ ਖਾਬ ਹੋਵੇ ਖੂਬਸੂਰਤ
ਹੱਥ ਵਿਚ ਭਾਵੇਂ ਮੇਰੇ ਅੰਗਿਆਰ ਹੋਵੇ

ਹੋਣ ਨੀਂ ਦੇਣਾ ਅਸੀਂ ਉਹ ਸੋਚਦੇ ਨੇ
ਚੌਕ ਵਾਲੀ ਥਾਂ 'ਤੇ ਜੇ ਦੀਵਾਰ ਹੋਵੇ

ਖੁਦਕੁਸ਼ੀ ਕਰ ਲੈਂਦੇ ਨੇ ਚੁੱਪਚਾਪ ਲੋਕੀਂ
ਲੜਨ ਖਾਤਰ ਪਰ ਕੋਈ ਨਾ ਤਿਆਰ ਹੋਵੇ

***

✪

ਫੇਰ ਜਖ਼ਮੀ ਪੰਛੀਆਂ ਦੀ ਡਾਰ ਆਈ
ਖ਼ਾਬ ਦੇ ਵਿਚ ਰਾਤ ਵੀ ਤਲਵਾਰ ਆਈ

ਧੌਣ ਮੇਰੇ ਕੋਲ ਸੀ ਉਸ ਕੋਲ ਖ਼ੰਜਰ
ਹੋਰ ਕੋਈ ਚੀਜ ਨਾ ਵਿਚਕਾਰ ਆਈ

ਰੁੱਖ ਵਿਹੜੇ ਦਾ ਖਰੇ ਕਿਉਂ ਡਰ ਗਿਆ ਸੀ
ਮੇਰੀ ਦੇਲ੍ਹੀ 'ਤੇ ਜਦੋਂ ਅਖ਼ਬਾਰ ਆਈ

ਮੇਰੇ ਕਿੱਸੇ ਵਿਚ ਕਿਤੇ ਵੀ ਹਾਰ ਹੈ ਨੀਂ
ਮੇਰੇ ਹਿੱਸੇ ਵਿਚ ਹਮੇਸ਼ਾ ਹਾਰ ਆਈ

ਤੇਰੇ ਰਖਵਾਲੇ ਨਹੀਂ ਹੱਕ ਵਿੱਚ ਤੇਰੇ
ਅੱਗ ਜੰਗਲ ਕੋਲ ਕਿੰਨੀ ਵਾਰ ਆਈ

***

✪

ਚਾਹੇ ਫਿਰ ਅੰਬਰ ਤੋਂ ਵੱਡਾ ਜਾਲ ਹੁੰਦਾ
ਪੰਛੀਆਂ ਨੂੰ ਜੇ ਉਡਣ ਦਾ ਖ਼ਿਆਲ ਹੁੰਦਾ

ਦੋਸਤੋ! ਫਿਰ ਗੀਤ ਦੇ ਵਿਚ ਢਾਲਦਾ ਮੈਂ
ਦਰਦ ਜੇਕਰ ਗੀਤ ਵਿਚ ਇਹ ਢਾਲ ਹੁੰਦਾ

ਸੋਚ ਕੇ ਤੁਰਦੇ ਤਾਂ ਆਪਾਂ ਭਟਕਦੇ ਨਾ
ਸੋਚ ਕੇ ਲੜਦੇ ਤਾਂ ਇਹ ਨਾ ਹਾਲ ਹੁੰਦਾ

ਬੱਚਿਆਂ ਦਾ ਦੇਖ ਕੇ ਮਿੱਟੀ ਦਾ ਘਰ ਮੈਂ
ਸੋਚਦਾ ਹਾਂ ਕਾਸ਼! ਹੁਣ ਵੀ ਬਾਲ ਹੁੰਦਾ

ਦੁਖ ਜਦੋਂ ਤੇਰਾ ਐ ਦਰਿਆ ਲਿਖਣ ਬੈਠਾ
ਸ਼ਬਦ ਹੀ ਨਾ ਮੇਰੇ ਕੋਲੋਂ ਭਾਲ ਹੁੰਦਾ

ਅੱਗ ਫਿਰ ਇਉਂ ਵਾਰ ਨਾ ਕਰਦੀ ਮੇਰੇ ’ਤੇ
ਢਾਲ ਬਣਦਾ ਜੇ ਤੂੰ ਮੇਰੇ ਨਾਲ ਹੁੰਦਾ

***

✪

ਫੜ ਲਿਆ ਹੈ ਹੋਰ ਨਿਕਲਿਆ ਹੋਰ ਅੰਦਰ
ਆਦਮੀ ਹੈ ਸਾਫ ਬਿਲਕੁਲ ਚੋਰ ਅੰਦਰ

ਗੁੰਮ ਗਈ ਪਹਿਚਾਣ ਮੇਰੀ ਭੀੜ ਦੇ ਵਿਚ
ਗੁੰਮ ਗਈ ਆਵਾਜ਼ ਮੇਰੀ ਸ਼ੋਰ ਅੰਦਰ

ਹੋ ਗਿਆ ਬੇਵਸ ਗ਼ਜ਼ਲ ਦੇ ਸਾਮ੍ਹਣੇ ਉਹ
ਸੱਚ ਕਹਿ ਦਿੱਤਾ ਕਵੀ ਨੇ ਲੋਰ ਅੰਦਰ

ਲੜਨ ਦੀ ਤਾਕਤ ਨਹੀਂ ਤਾਂ ਫੇਰ ਕੀ ਹੈ
ਲੜਨ ਦੀ ਖਾਹਿਸ਼ ਤਾਂ ਹੈ ਕਮਜ਼ੋਰ ਅੰਦਰ

***

✪

ਦਿਨੇ ਦਸ ਕੀ ਕੀ ਤੂੰ ਕੀਤਾ ਕਿ ਇਕ ਇਕ ਬਾਤ ਪੁਛਦੀ ਹੈ
ਕਿਵੇਂ ਦੱਸਾਂ ਮੈਂ ਤੈਨੂੰ ਕੀ ਮੇਰੇ ਤੋਂ ਰਾਤ ਪੁੱਛਦੀ ਹੈ

ਸਹੀ ਦੱਸੀਂ ਕਿ ਰਾਤੀਂ ਦੇਖਿਆ ਹੈ ਖ਼ਾਬ ਦੇ ਵਿਚ ਕੀ
ਮੇਰੇ ਤੋਂ ਉਠਦਿਆਂ ਹੀ ਰੋਜ ਇਹ ਪਰਭਾਤ ਪੁਛਦੀ ਹੈ

ਉਦੋਂ ਹੀ ਯਾਦ ਆਉਂਦਾ ਹੈ ਕਿ ਮੈਂ ਵੀ ਹਾਂ ਨਗਰਵਾਸੀ
ਹਵਾ ਮੈਥੋਂ ਨਗਰ ਮੇਰੇ ਦੇ ਜਦ ਹਾਲਾਤ ਪੁਛਦੀ ਹੈ

ਨਦੀ ਬਾਰੇ ਹੀ ਪੁੱਛਦਾ ਹੈ ਜੋ ਹਰ ਇਕ ਰਾਹੀ ਦੇ ਕੋਲੋਂ
ਨਦੀ ਤੈਨੂੰ ਕਦੇ ਉਸਦੀ ਵੀ ਕੋਈ ਬਾਤ ਪੁਛਦੀ ਹੈ

ਜੇ ਜੰਗਲ ਹਾਂ ਤਾਂ ਫਿਰ ਇਹ ਵੀ ਨਹੀਂ ਚੁਪ ਹੀ ਰਹਾਂਗਾ ਮੈਂ
ਕੀ ਹੈ ਔਕਾਤ ਅੱਗ ਦੀ ਜੋ ਮੇਰੀ ਔਕਾਤ ਪੁਛਦੀ ਹੈ

***

✪

ਫਿਰ ਤੈਨੂੰ ਅਪਣੇ ਹੀ ਦਿਲ ਦੀ ਸਾਰ ਨਹੀਂ
ਜੇਕਰ ਤੇਰੇ ਦਿਲ ’ਤੇ ਕੋਈ ਭਾਰ ਨਹੀਂ

ਮੰਜ਼ਿਲ ਤਕ ਭਾਵੇਂ ਤੈਥੋਂ ਪੁੱਜਿਆ ਨ ਗਿਆ
ਪਰ ਫਿਰ ਵੀ ਐ ਰਾਹੀ ਤੇਰੀ ਹਾਰ ਨਹੀਂ

ਅੱਗ ਨੂੰ ਏਦਾਂ ਹਰ ਥਾਵੇਂ ਨਾ ਘੇਰਿਆ ਕਰ
ਤੇਰੇ ਹੱਥ ’ਚ ਬੰਸੀ ਹੈ ਤਲਵਾਰ ਨਹੀਂ

ਚੋਰਾਂ ਤੋਂ ਵਧ ਡਰਦਾ ਇਹਨਾਂ ਕੋਲੋਂ ਮੈਂ
ਪਹਿਰੇਦਾਰਾਂ ’ਤੇ ਮੈਨੂੰ ਇਤਬਾਰ ਨਹੀਂ

ਇਸਦੇ ਕੋਲ ਫੌਜ ਹੈ ਤੇ ਮੈਂ ਕੱਲਾ ਹਾਂ
ਉਂਝ ਇਹ ਰਾਜਾ ਮੇਰੇ ਤੋਂ ਹੁਸ਼ਿਆਰ ਨਹੀਂ

***

✪

ਜੰਗਲ ਡਰਿਆ ਜਿਹਾ ਦਿਖਾਈ ਦਿੰਦਾ ਹੈ
ਕੋਈ ਪੰਛੀ ਕਿਤੇ ਦੁਹਾਈ ਦਿੰਦਾ ਹੈ

ਦੇਖੋ ਕਿੱਥੇ ਸਿਸਕਦਾ ਹੈ ਜੇਹਲਮ ਦਰਿਆ
ਮੈਨੂੰ ਬਿਲਕੁਲ ਕੋਲ ਸੁਣਾਈ ਦਿੰਦਾ ਹੈ

ਭਾਵੇਂ ਮੰਜਿਲ ਅਜੇ ਦਿਖਾਈ ਨਹੀਂ ਦਿੰਦੀ
ਪਰ ਰਸਤਾ ਹੁਣ ਸਾਫ ਦਿਖਾਈ ਦਿੰਦਾ ਹੈ

ਬਸ ਇਕ ਭਰਮ ਜਿਹਾ ਹੀ ਹੈ ਆਜ਼ਾਦੀ ਦਾ
ਕੋਈ ਸ਼ਿਕਾਰੀ ਕਦੋਂ ਰਿਹਾਈ ਦਿੰਦਾ ਹੈ

ਹੌਕਾ ਭਰਦਾ ਹੈ ਜੇ ਕੋਈ ਸੁਫ਼ਨੇ ਵਿਚ
ਤੜਕੇ ਉਠਣ ਸਾਰ ਸਫਾਈ ਦਿੰਦਾ ਹੈ

***

✪

ਮੈਂ ਜਿਤ ਦੀ ਆਸ ਲੈ ਹਰ ਵਾਰ ਜਾਂਦਾ ਹਾਂ
ਕੀ ਜਾਂਦਾ ਹੈ ਮੇਰਾ ਜੇ ਹਾਰ ਜਾਂਦਾ ਹਾਂ

ਕਿਤੇ ਵਿਕ ਹੀ ਨ ਜਾਵਾਂ ਮਨ 'ਚ ਇਹ ਹੁੰਦੈ
ਬੜਾ ਡਰ ਲਗਦੈ ਜਦ ਬਾਜ਼ਾਰ ਜਾਂਦਾ ਹਾਂ

ਹਮੇਸ਼ਾ ਜ਼ਖ਼ਮ ਲੈ ਕੇ ਹੀ ਮੁੜਾਂ ਮੈਂ ਘਰ ਨੂੰ
ਮੈਂ ਸੁਪਨੇ ਲੈ ਕੇ ਜਦ ਉਸ ਪਾਰ ਜਾਂਦਾ ਹਾਂ

ਕਈ ਵਾਰੀ ਹਵਾ ਵੀ ਭਟਕ ਜਾਂਦੀ ਹੈ
ਕਈ ਵਾਰੀ ਮੈਂ ਬਾਜੀ ਮਾਰ ਜਾਂਦਾ ਹਾਂ

***

✪

ਇਹ ਵੀ ਜੀਣਾ ਕੋਈ ਡਰਦਿਆਂ ਡਰਦਿਆਂ
ਜੀ ਨਹੀਂ ਹੁੰਦਾ ਮੇਰੇ ਤੋਂ ਇਉਂ ਮਰਦਿਆਂ

ਖ਼ੂਬ ਆਉਂਦਾ ਸੀ ਆਰਾਮ ਵੀ ਉਸਨੂੰ
ਪਰ ਤੜਪਦੀ ਵੀ ਸੀ ਬੱਦਲੀ ਵਰਦਿਆਂ

ਹੋ ਗਿਆ ਬਾਗ਼ੀ ਹਰ ਇਕ ਨੇ ਸੋਚਿਆ
ਚੀਕ ਮਾਰੀ ਸੀ ਰਾਹਗੀਰ ਨੇ ਡਰਦਿਆਂ

ਘਰ ਮੇਰਾ ਸਾੜਿਆ ਹੈ ਕਿਸੇ ਹੋਰ ਨੇ
ਅੱਗ ਦਾ ਨਾਂ ਭਲਾ ਮੈਂ ਕਿਵੇਂ ਧਰਦਿਆਂ

ਸਾਰੇ ਹੈਰਾਨ ਸਨ ਕੰਬਦੀ ਸੀ ਹਵਾ
ਵਾਰ ਇਕ ਪੰਛੀ ਦੀ ਹਿੱਕ ’ਤੇ ਕਰਦਿਆਂ

***

✪

ਸੁਣੋ ਰਾਜਾ ਇਹ ਕੀ ਫ਼ੁਰਮਾਨ ਦਿੰਦਾ ਹੈ
ਹਵਾ ਨੂੰ ਕੈਦ ਕਰ ਲਓ ਬਿਆਨ ਦਿੰਦਾ ਹੈ

ਹਮੇਸ਼ਾ ਅਪਣੀ ਥਾਂ 'ਤੇ ਪੈਂਦਾ ਹੈ ਖ਼ੁਦ ਮਰਨਾ
ਕਿਸੇ ਲਈ ਕੌਣ ਅਪਣੀ ਜਾਨ ਦਿੰਦਾ ਹੈ

ਜਿਨ੍ਹਾਂ ਡੁਬਣਾ ਹੈ ਪਲ ਵਿਚ ਡੁੱਬ ਜਾਂਦੇ ਨੇ
ਨਦੀ ਨੂੰ 'ਵਾਜ਼ ਤਾਂ ਨਾਦਾਨ ਦਿੰਦਾ ਹੈ

ਕਦੇ ਤਾਂ ਕੰਮ ਆਏਗੀ ਤੂੰ ਰਖ ਲੈ ਇਹ
ਸਿਪਾਹੀ ਸਾਜ਼ੀ ਨੂੰ ਕਿਰਪਾਨ ਦਿੰਦਾ ਹੈ

ਜੇ ਮਨ ਵਿਚ ਆ ਜਾਵੇ ਤਾਂ ਇਹ ਰਾਜਾ
ਕਵੀ ਨੂੰ ਚੋਰ ਵੀ ਗਰਦਾਨ ਦਿੰਦਾ ਹੈ

***

✪

ਧੌਣ ਤੇਰੀ ’ਤੇ ਜੇ ਇਉਂ ਕਿਰਪਾਨ ਹੋਵੇ
ਮੇਰੇ ਦੁਖ ਦਾ ਫੇਰ ਤੈਨੂੰ ਗਿਆਨ ਹੋਵੇ

ਮੇਰੇ ਅੰਦਰ ਹੈ ਤਪਸ ਏਨੀ ਕੀ ਦੱਸਾਂ
ਅੱਗ ਦੇਖੇ ਤਾਂ ਉਹ ਵੀ ਹੈਰਾਨ ਹੋਵੇ

ਇਸ ਨਗਰ ਦੇ ਵਿਚ ਕਲਾਕਾਰੀ ਇਹੀ ਹੈ
ਇਕ ਹੱਥ ਵਿਚ ਸਾਜ਼ ਦੂਜੇ ਮਿਆਨ ਹੋਵੇ

ਤੋੜ ਕੇ ਫੁੱਲ ਪੱਥਰਾਂ ਨੂੰ ਚਾੜ ਦੇਵੇ
ਦਿਲ ਨਾ ਕੋਈ ਵੀ ਇੰਨਾ ਵੀਰਾਨ ਹੋਵੇ

ਉਮਰ ਭਰ ਰੁਕਦੀ ਨਹੀਂ ਇਹ ਰੋਕ ਨਾ ਤੂੰ
ਪੌਣ ਤਾਂ ਕੁਝ ਪਲ ਦੀ ਹੀ ਮਹਿਮਾਨ ਹੋਵੇ

ਮੌਤ ਵੀ ਯਾਰੋ ਮੈਨੂੰ ਪਰਵਾਨ ਹੈ ਪਰ
ਸ਼ਰਤ ਮੇਰੀ ਵੀ ਕੋਈ ਪਰਵਾਨ ਹੋਵੇ

***

✪

ਇਸਦਾ ਤੈਨੂੰ ਵੀ ਪਤਾ ਹੈ ਮੈਨੂੰ ਵੀ ਅਹਿਸਾਸ ਹੈ
ਕੁਝ ਕੁ ਭਟਕਣ ਹੈ ਤੇਰੀ ਤੇ ਕੁਝ ਕੁ ਮੇਰੀ ਪਿਆਸ ਹੈ

ਬਹੁਤ ਡਰ ਲਗਦਾ ਹੈ ਇਕਦਮ ਮਰਨ ਵਾਲੇ ਖ਼ਿਆਲ ਤੋਂ
ਥੋੜਾ ਥੋੜਾ ਮਰਨ ਦਾ ਚਿਰ ਤੋਂ ਮੇਰਾ ਅਭਿਆਸ ਹੈ

ਰਹਿ ਗਿਆ ਲਿਖਣੋਂ ਤੇ ਪੜਿਆ ਨਾ ਗਿਆ ਜਿਹੜੇ ਕਿਤੇ
ਦੋਸਤੋ ! ਇਸ ਚੀਕ ਪਿੱਛੇ ਚੁੱਪ ਦਾ ਇਤਿਹਾਸ ਹੈ

ਦੇਖ ਮੈਂ ਫਿਰ ਵੀ ਬਚਾ ਸਕਦਾ ਨਹੀਂ ਹਰ ਵਕਤ ਕੋਈ
ਮਰ ਰਿਹਾ ਹੈ ਮੇਰੇ ਅੰਦਰ ਮੈਨੂੰ ਇਹ ਅਹਿਸਾਸ ਹੈ

***

✪

ਗ਼ਜ਼ਲ ਕਰਕੇ ਹੀ ਹਰ ਇਲਜ਼ਾਮ ਆਇਆ ਹੈ
ਗ਼ਜ਼ਲ ਲਿਖ ਕੇ ਹੀ ਪਰ ਆਰਾਮ ਆਇਆ ਹੈ

ਬਣਾ ਇਕ ਗੀਤ ਜੋ ਡੁਬ ਗਏ ਉਨ੍ਹਾਂ ਬਾਰੇ
ਕਵੀ ਨੂੰ ਦਰਿਆ ਦਾ ਪੈਗ਼ਾਮ ਆਇਆ ਹੈ

ਤੁਸੀਂ ਸਭਿਅਕ ਤੁਹਾਨੂੰ ਕੀ ਪਤਾ ਮੈਨੂੰ
ਕਿ ਏਦਾਂ ਚੀਕਿਆਂ ਆਰਾਮ ਆਇਆ ਹੈ

ਮਿਰੇ ਘਰ ਨੂੰ ਹੀ ਲੱਗੀ ਅੱਗ ਹੈ ਦੇਖੋ
ਤੇ ਅੱਗ ਦਾ ਮੇਰੇ ਸਿਰ ਇਲਜ਼ਾਮ ਆਇਆ ਹੈ

ਲੈ ਦਾਰੂ ਪੀਣ ਵਿਚ ਆਰਾਮ ਉਹ ਕਿੱਥੇ
ਕਿ ਜਿਹੜਾ ਜ਼ਹਿਰ ਪੀ ਆਰਾਮ ਆਇਆ ਹੈ

***

✪

ਦੇਖੋ ਪੰਛੀ ਬਹਿਸ ਹਵਾ ਸੰਗ ਕਰਦਾ ਹੈ
ਜਾਨ ਜਾਣ ਤੋਂ ਭੋਰਾ ਵੀ ਨਾ ਡਰਦਾ ਹੈ

ਸ਼ਹਿਰੋਂ ਰੱਦੀ ਅਖ਼ਬਾਰਾਂ ਲੈ ਆਉਂਦੈ ਉਹ
ਏਦਾਂ ਅਪਣੇ ਖਾਲੀਪਨ ਨੂੰ ਭਰਦਾ ਹੈ

ਘਰ ਨੂੰ ਲੱਗੀ ਅੱਗ ਨਹੀਂ ਜਰਦਾ ਕੋਈ
ਸੀਨੇ ਲੱਗੀ ਅੱਗ ਹਰ ਕੋਈ ਜਰਦਾ ਹੈ

ਧਰਤੀ ਮਾਂ ਦੇ ਸੀਨੇ 'ਚ ਹੁੰਦਾ ਹੈ ਛੇਕ
ਜਦ ਵੀ ਕੋਈ ਪੰਛੀ ਹੌਕਾ ਭਰਦਾ ਹੈ

ਜੇਕਰ ਹੋਰਾਂ ਖਾਤਰ ਮਰਦਾ ਰੋ ਲੈਂਦੇ
ਅਪਣੀ ਆਈ ਤਾਂ ਹਰ ਕੋਈ ਮਰਦਾ ਹੈ

***